ਕੈਨੇਡਾ ਦਰਪਣ

ਜਨਵਰੀ 18-25, 1989

January 18-25, 1989

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਫੈਡਰੇਸ਼ਨ ਆਗੂ ਗੁਰਨਾਮ ਸਿੰਘ ਹਲਾਕ

JANUARY 18-25, 1989
Vol. 08 No. 03
Price 50¢
Out of Greater Vancouver 75¢
Second Class Mail Reg. No. 5991

ਕਨੇਡਾ ਦਰਪਣ

The Canada Darpan The Punjabi Newspaper
P.O.BOX 265, Surrey, B.C. V3T 4W8
Ph: (604) 581-4473

ਸੋਨੇ ਦਾ ਰੇਟ

502 ਡਾਲਰ ਕੈਨੇਡੀਅਨ (ਇਕ ਔਂਸ)
202 ਡਾਲਰ ਕੈਨੇਡੀਅਨ (ਇਕ ਤੋਲਾ)
173.50 ਡਾਲਰ ਕੈਨੇਡੀਅਨ (10 ਗ੍ਰਾਮ)
(ਏ. ਸੀ. ਜਿਊਲਰਜ਼ ਦੇ ਧੰਨਵਾਦ ਸਹਿਤ
— ਫ਼ੋਨ 588-5808)

1000 ਰੁਪਏ ਦਾ ਰੇਟ

79.13 ਕੈਨੇਡੀਅਨ ਡਾਲਰ
(ਧੰਨਵਾਦ ਸਹਿਤ ਬੈਂਕ ਆਫ ਮਾਂਟਰੀਅਲ)

ਚਾਰ ਸਕੇ ਹਿੰਦੂ ਭਰਾ ਦਰਖਤ ਨਾਲ ਲਟਕਾ ਕੇ

ਫਾਂਸੀ ਚੜ੍ਹਾ ਦਿੱਤੇ ਗਏ

ਚੰਡੀਗੜ੍ਹ — ਪਿਛਲੇ ਦਿਨ ਗੁਰਦਾਸਪੁਰ ਜ਼ਿਲੇ ਦੇ ਪਿੰਡ ਭੁਜਿਆਨਵਾਲੀ ਵਿਚ ਦਹਿਸ਼ਤਗਰਦਾਂ ਨੇ ਪਿੰਡ ਦੇ ਸਰਪੰਚ ਰਾਮਪਾਲ ਤੇ ਉਸਦੇ ਤਿੰਨ ਭਰਾਵਾਂ ਪ੍ਰੇਮ ਪਾਲ, ਸਤਪਾਲ ਅਤੇ ਧਰਮਪਾਲ ਨੂੰ ਜਿਉਂਦਿਆਂ ਹੀ ਦਰਖਤ ਨਾਲ ਬੰਨ੍ਹਕੇ ਫਾਂਸੀ ਚੜ੍ਹਾ ਦਿੱਤਾ। ਅਜਿਹੀ ਦਰਦਨਾਕ ਘਟਨਾ ਪੰਜਾਬ ਵਿਚ ਪਹਿਲੀ ਵਾਰ ਵਾਪਰੀ ਹੈ। ਦਰਖਤ ਨੇੜੇ ਲਿਖ ਕੇ ਸੁੱਟੀ ਇਕ ਚਿੱਠੀ ਵਿਚ ਕਿਹਾ ਗਿਆ ਹੈ ਕਿ ਇਹ ਬਦਲਾ ਸਤਵੰਤ ਸਿੰਘ ਤੇ ਕਿਹਰ ਸਿੰਘ ਦੀ ਮੌਤ ਦਾ ਲਿਆ ਗਿਆ ਹੈ। 6 ਜਨਵਰੀ ਨੂੰ ਇੰਦਰਾ ਗਾਂਧੀ ਕਤਲ ਕੇਸ ਵਿਚ ਸ਼ਾਮਲ ਸਤਵੰਤ ਸਿੰਘ ਤੇ ਕਿਹਰ ਸਿੰਘ ਨੂੰ ਫਾਂਸੀ ਦਿੱਤੀ ਗਈ ਸੀ।

ਘਟਨਾ ਦਾ ਵਿਸਥਾਰ

ਇਹ ਘਟਨਾ 11 ਜਨਵਰੀ ਦੀ ਰਾਤ ਨੂੰ ਵਾਪਰੀ ਜਦ ਦਹਿਸ਼ਤਗਰਦਾਂ ਦਾ ਇਕ ਟੋਲਾ ਪਿੰਡ ਭੁਜਿਆਨਵਾਲੀ ਪਹੁੰਚਿਆ। ਦਰਵਾਜ਼ਾ ਖੜਕਾ ਕੇ ਸਰਪੰਚ ਰਾਮਪਾਲ ਨੂੰ ਬਾਹਰ ਸੱਦਿਆ ਗਿਆ ਤੇ ਦਰਵਾਜ਼ਾ ਖੁਲ੍ਹਣ ਤੇ ਦਹਿਸ਼ਤਗਰਦ ਚਹੁੰ ਭਰਾਵਾਂ ਨੂੰ ਘਰ ਤੋਂ ਬਾਹਰ ਘਸੀਟ ਲਿਆਏ। ਘਰ ਦੇ ਲਾਗੇ ਹੀ ਇਕ ਦਰਖਤ ਉਤੇ ਰੱਸਿਆ ਨਾਲ ਉਨ੍ਹਾਂ ਨੂੰ ਫਾਂਸੀ ਦਿੱਤੀ ਗਈ।

ਇਸ ਘਟਨਾ ਦਾ ਪਤਾ ਸਵੇਰੇ ਪੰਜ ਵਜੇ ਲੱਗਾ ਜਦ ਚਹੁੰ ਭਰਾਵਾਂ ਦੀਆਂ ਲਟਕਦੀਆਂ ਲਾਸ਼ਾਂ ਪਿੰਡ ਦੇ ਲੋਕਾਂ ਨੇ ਦੇਖੀਆਂ। ਜਥੇਦਾਰ ਜਗਦੇਵ ਸਿੰਘ ਤਲਵੰਡੀ ਨੇ ਕਤਲਾਂ ਦੀ ਨਿੰਦਿਆਂ ਕਰਦਿਆਂ ਕਿਹਾ ਕਿ ਇਹ ਗੈਰ-ਮਨੁੱਖੀ ਕੰਮ ਹੈ ਤੇ ਕੋਈ ਵੀ ਧਰਮ ’ਚ ਵਿਸ਼ਵਾਸ ਕਰਨ ਵਾਲਾ ਵਿਅਕਤੀ ਅਜਿਹੀ ਘਟੀਆ ਕਰਤੂਤ ਨਹੀਂ ਕਰ ਸਕਦਾ। ਸਾਬਕਾ ਮੁਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਵੀ ਇਸ ਘਟਨਾ ਦੀ ਨਿਖੇਧੀ ਕੀਤੀ ਹੈ। ਗਵਰਨਰ ਪੰਜਾਬ ਨੇ ਇਥੇ ਕਿਹਾ ਕਿ ਦਹਿਸ਼ਤਗਰਦ ਅਜੇਹੀਆਂ ਅਣ-ਮਨੁੱਖੀ ਕਾਰਵਾਈਆਂ ਕਾਰਨ ਹੀ ਆਮ ਲੋਕਾਂ ਨਾਲੋਂ ਨਿਖੜੇ ਹਨ।

20 ਹਲਾਕ ਹੋਏ

ਪੰਜਾਬ ਦੇ ਵੱਖ ਵੱਖ ਥਾਵਾਂ ਉਤੇ 20 ਕਤਲ ਹੋਏ। ਫਰੀਦਕੋਟ ਜ਼ਿਲੇ ਵਿਚ ਏ ਕੇ 47 ਅਸਾਲਟ ਰਾਈਫਲਾਂ ਨਾਲ ਲੈਸ ਦਹਿਸ਼ਤਗਰਦਾਂ ਨੇ ਇਕ ਪਿੰਡ ਵਿਚ ਜਗਤ ਨਾਂ ਦੇ ਵਿਅਕਤੀ ਅਤੇ ਉਸਦੀ ਪਤਨੀ ਕਿਸ਼ੋਰੀ ਦੇਵੀ ਦੇ ਨਾਲ ਉਨ੍ਹਾਂ ਦੀਆਂ ਦੋ ਨੌਜਵਾਨ ਲੜਕੀਆਂ ਵੀ ਹਲਾਕ ਕਰ ਦਿੱਤੀਆਂ। ਬਟਾਲਾ ਪੁਲਸ ਸਟੇਸ਼ਨ ਵਿਚ ਅਟਵਾਲ ਪਿੰਡ ਵਿਚ ਦਹਿਸ਼ਤਗਰਦਾਂ ਨੇ ਫਕੀਰ ਸਿੰਘ, ਉਸਦੇ ਬੇਟੇ ਕਸ਼ਮੀਰ ਸਿੰਘ ਅਤੇ ਉਨ੍ਹਾਂ ਦੇ ਰਿਸ਼ਤੇਦਾਰ ਅਜਾਇਬ ਸਿੰਘ ਨੂੰ ਕਤਲ ਕਰ ਦਿਤਾ। ਇਹ ਹਮਲਾ ਫਾਰਮ ਹਾਊਸ ਵਿਚ ਕੀਤਾ ਗਿਆ। ਇਸ ਘਟਨਾ ਦੇ ਸੰਬੰਧ ਵਿਚ ਪੁਲਸ ਨੇ 12 ਵਿਅਕਤੀ ਗ੍ਰਿਫਤਾਰ ਕਰ ਲਏ ਹਨ। ਇਸੇ ਦੌਰਾਨ ਮਜੀਠਾ ਤੇ ਫੀਰੋਜ਼ਪੁਰ ਵਿਚ ਦੋ ਵਿਅਕਤੀ ਮਾਰੇ ਗਏ। ਗੁਰਦਾਸਪੁਰ ਵਿਚ ਲੋਦੀਪੁਰ ਪਿੰਡ ਵਿਚ ਦੋ ਅਗਿਆਤ ਨੌਜਵਾਨਾਂ ਦੀਆਂ ਲਾਸ਼ਾਂ ਮਿਲੀਆਂ। ਇਹ ਲਾਸ਼ਾਂ ਰੇਲਵੇ ਕਰਾਸਿੰਗ ਦੇ ਨੇੜੇ ਮਿਲੀਆਂ। ਇਕ ਦੀ ਖੋਪੜੀ ਫਟੀ ਹੋਈ ਸੀ। ਦੋਨਾਂ ਦੀਆਂ ਲਾਸ਼ਾਂ ਉਤੇ ਗੋਲੀਆਂ ਦੇ ਨਿਸ਼ਾਨ ਸਨ।

ਇਕ ਹੋਰ ਘਟਨਾ ਵਿਚ ਇਕ ਪੁਲਸ ਇਨਸਪੈਕਟਰ ਅਤੇ ਸਿਪਾਹੀ ਸਮੇਤ ਪੰਜ ਹੋਰ ਵਿਅਕਤੀ ਜ਼ਖਮੀ ਹੋਏ। ਦਹਿਸ਼ਤਗਰਦਾਂ ਨੇ 60,000 ਦੀ ਨਕਦੀ, ਸੋਨੇ ਦੇ ਜ਼ੇਵਰਾਤ ਤੇ ਹਥਿਆਰ ਲੁੱਟੇ।

ਜੰਮੂ ਸ਼ਹਿਰ ’ਚ ਫਿਰਕੂ ਫਸਾਦ

ਕਰਫੀਊ ਅਜੇ ਵੀ ਜਾਰੀ

ਜੰਮੂ — 14 ਜਨਵਰੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਜਨਮ-ਉਤਸਵ ਉਤੇ ਇਥੇ ਹਿੰਦੂ-ਸਿੱਖਾਂ ਵਿਚ ਫਸਾਦ ਭੜਕ ਉਠੇ ਜਿਸ ਕਾਰਨ ਸ਼ਹਿਰ ਵਿਚ ਕਰਫੀਊ ਲਾਉਣਾ ਪਿਆ। ਸਾਡੇ ਪੱਤਰਪ੍ਰੇਰਕ ਅਨੁਸਾਰ ਇਹ ਦੰਗੇ ਉਸ ਸਮੇਂ ਭੜਕੇ ਜਦ ਜਲੂਸ ਵਿਚ ਸ਼ਾਮਲ ਕੁਝ ਲੋਕਾਂ ਨੇ ਇਤਰਾਜ਼ਯੋਗ ਨਾਅਰੇ ਲਾਏ।

ਇਸ ਸਮੇਂ ਜੰਮੂ ਵਿਚ ਸਥਿਤੀ ਆਮ ਵਰਗੀ ਦੱਸੀ ਗਈ ਹੈ ਪਰ ਕਿਸੇ ਦੁਖਾਂਤਕ ਘਟਨਾ ਵਾਪਰਨ ਦੇ ਡਰੋਂ ਅਜੇ ਵੀ ਕਰਫੀਊ ਸ਼ਹਿਰ ਵਿਚ ਜਾਰੀ ਹੈ ਤੇ ਪੁਲਸ ਸ਼ਹਿਰ ਵਿਚ ਗਸ਼ਤ ਜਾਰੀ ਰੱਖ ਰਹੀ ਹੈ।

ਊਧਮਪੁਰ ’ਚ 16 ਗ੍ਰਿਫਤਾਰ

ਜੰਮੂ ਤੋਂ ਪਿਛੋਂ ਊਧਮਪੁਰ ਵਿਚ ਵੀ ਹਾਲਾਤ ਵਿਗੜੇ ਪਰ ਪੁਲਸ ਨੇ ਮੌਕੇ ਉਤੇ ਦਖਲ ਦੇ ਕੇ ਸਥਿਤੀ ਨੂੰ ਸੰਭਾਲ ਲਿਆ। ਇਸ ਦੌਰਾਨ ਪੁਲਸ ਨੇ 16 ਵਿਅਕਤੀ ਹਿਰਾਸਤ ਵਿਚ ਲੈ ਲਏ।

ਬਿਦਰ ’ਚ ਪੁਲਸ ਰੀਪੋਰਟ ਜਾਰੀ

ਦੱਖਣੀ ਭਾਰਤ ਦੇ ਸੂਬੇ ਕਰਨਾਟਕ ਵਿਚ ਜੋ ਦੰਗੇ ਪਿਛਲੀ ਸਤੰਬਰ ਵਿਚ ਭੜਕੇ ਸਨ ਉਨ੍ਹਾਂ ਦੀ ਪੁਲਸ ਰੀਪੋਰਟ ਜਾਰੀ ਕਰ ਦਿੱਤੀ ਗਈ ਹੈ ਤੇ ਦੋਸ਼ੀਆਂ ਵਿਰੁਧ ਚਾਰਜ-ਸ਼ੀਟਾਂ ਤਿਆਰ ਕਰ ਲਈਆਂ ਗਈਆਂ ਹਨ। ਸਤੰਬਰ ’ਚ ਹੋਏ ਫਸਾਦਾਂ ਸਮੇਂ 6 ਸਿੱਖ ਵਿਦਿਆਰਥੀ ਮਾਰੇ ਗਏ ਸਨ।

ਦਲ ਖਾਲਸਾ ਤੇ ਦਸਮੇਸ਼ ਰਜਮੈਂਟ ਤੇਲ ਭੰਡਾਰਾਂ ’ਤੇ ਹਮਲੇ ਕਰਨਗੀਆਂ



ਨਵੀਂ ਦਿੱਲੀ — ਅਮਰੀਕਾ ਦੇ ਮਨੋਨੀਤ ਰਾਸ਼ਟਰਪਤੀ ਜਾਰਜ-ਬੁਸ਼ ਅਤੇ ਡਿਫੈਂਸ ਸੈਕਟਰੀ ਕਰਲੂਚੀ ਦੇ ਨੋਟਾਂ ਸਮੇਤ ਇਥੇ ਪੁਜੇ ਦਸਤਾਵੇਜ਼ਾਂ ਅਨੁਸਾਰ ਪੰਜਾਬ ਦੀਆਂ ਦੋ ਅਤਿਵਾਦੀ ਜਥੇਬੰਦੀਆਂ ਦਲ ਖਾਲਸਾ ਤੇ ਦਸਮੇਸ਼ ਰਜਮੈਂਟ ਤੇਲ ਦੇ ਭੰਡਾਰਾਂ ਉਤੇ ਹਮਲੇ ਕਰ ਸਕਦੀਆਂ ਹਨ।

ਇਹ ਰੀਪੋਰਟਾਂ ਖੁਫ਼ੀਆ ਵਿਭਾਗ ਨੂੰ ਅਮਰੀਕਾ ਦੀ ਖੁਫੀਆ ਏਜੰਸੀਆਂ ਨੇ ਮੁਹੱਈਆ ਕੀਤੀਆਂ ਹਨ। ਇਨ੍ਹਾਂ ਰੀਪੋਰਟਾਂ ਮਿਲਣ ਉਤੇ ਭਾਰਤ ਸਰਕਾਰ ਨੇ ਤੇਲ ਦੇ ਭੰਡਾਰਾਂ ਉਤੇ ਕਰੜੀ ਨਿਗਰਾਨੀ ਦੇ ਹੁਕਮ ਦੇ ਦਿੱਤੇ ਹਨ। ਰੀਪੋਰਟਾਂ ਵਿਚ ਕਿਹਾ ਗਿਆ ਹੈ ਕਿ ਅਤਿਵਾਦੀ ਸੰਸਥਾਵਾਂ ਇਨ੍ਹਾਂ ਟਿਕਾਣਿਆਂ ਉਤੇ ਹਮਲੇ ਕਰਨ ਦੀਆਂ ਤਿਆਰੀਆਂ ਵਿਚ ਰੁਝੇ ਹੋਏ ਹਨ।

ਨਵੀਂ ਦਿੱਲੀ ਵਿਚ ਵਾਸ਼ਿੰਗਟਨ ਤੋਂ ਕੁਝ ਦਸਤਾਵੇਜ਼ ਪੁਜਣ ਉਤੇ ਹੀ ਇਹ ਕਦਮ ਉਠਾਏ ਗਏ ਹਨ। ਇਨ੍ਹਾਂ ਦਸਤਾਵੇਜ਼ਾਂ ਵਿਚ ਦਲ ਖਾਲਸਾ ਅਤੇ ਦਸ਼ਮੇਸ਼ ਰਜਮੈਂਟ ਨੂੰ ਇਨ੍ਹਾਂ ਹਮਲਿਆਂ ਦੀਆਂ ਵੱਡੇ ਪੈਮਾਨੇ ਉਤੇ ਤਿਆਰੀਆਂ ਕਰਨ ਵਿਚ ਰੁਝੇ ਹੋਣਾ ਦੱਸਿਆ ਗਿਆ ਹੈ। ਇਨ੍ਹਾਂ ਦਸਤਾਵੇਜ਼ਾਂ ਵਿਚ ਇਹ ਵੀ ਕਿਹਾ ਗਿਆ ਹੈ ਕਿ ਇਹ ਜਥੇਬੰਦੀਆਂ ਪੰਜਾਬ ਵਿਚ ਅਕਾਲੀ ਦਲ ਦੇ ਨਰਮ-ਦਲੀਏ ਨੇਤਾਵਾਂ ਨੂੰ ਡਰਾ ਧਮਕਾ ਕੇ ਚੁੱਪ ਕਰਵਾਉਣ ਦੀ ਕੋਸ਼ਿਸ਼ ਵਿਚ ਹਨ ਤੇ ਦੋਵਾਂ ਫਿਰਕਿਆਂ ਵਿਚ ਨਫਰਤ ਪੈਦਾ ਕਰਨਾ ਚਾਹੁੰਦੀਆਂ ਹਨ। ਇਨ੍ਹਾਂ ਵਿਚ ਕਿਹਾ ਗਿਆ ਕਿ ‘ਖਾਲਿਸਤਾਨ’ ਦਾ ਨਾਹਰਾ ਦੇ ਕੇ ਇਹ ਆਪਸੀ ਭਾਈਚਾਰੇ ਨੂੰ ਤੋੜਨ ਵਿਚ ਲੱਗੀਆਂ ਹੋਈਆਂ ਹਨ।

ਇਸ ਦਸਤਾਵੇਜ਼ ਵਿਚ ਕਿਹਾ ਗਿਆ ਹੈ ਕਿ ਇਹ ਸੂਚਨਾ ਇਸ ਕਾਰਨ ਦਿੱਤੀ ਜਾ ਰਹੀ ਹੈ ਕਿ ਸੰਸਾਰ ਵਿਚ ਦਹਿਸ਼ਤਗਰਦਾਂ ਦੀ ਸਮੱਸਿਆ ਗਲੋਬਲ ਪੈਮਾਨੇ ਉਤੇ ਫੈਲਣੀ ਸ਼ੁਰੂ ਹੋ ਗਈ ਹੈ। ਇਸ ਕਾਰਨ ਸਾਰਿਆਂ ਦੇਸ਼ਾਂ ਨੂੰ ਆਪਸੀ ਮਿਲਵਰਤਣ ਕਰਨਾ ਚਾਹੀਦਾ ਹੈ।

ਬਰਨਾਲਾ ਤੇ ਬਲਵੰਤ ਸਿੰਘ ਵਿਚਕਾਰ ਸਮਝੌਤਾ

ਅੰਮ੍ਰਿਤਸਰ — ਸ਼੍ਰੋਮਣੀ ਅਕਾਲੀ ਦਲ (ਲੌਂ) ਦੇ ਦੋ ਨੇਤਾਵਾਂ ਸਾਬਕਾ ਮੁਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਤੇ ਸਾਬਕਾ ਵਿੱਤ ਮੰਤਰੀ ਬਲਵੰਤ ਸਿੰਘ ਵਿਚਕਾਰ ਮਤਭੇਦ ਖਤਮ ਹੋ ਗਏ ਹਨ ਤੇ ਦੋਵਾਂ ਨੇ ਰਲਕੇ ਚਲਣ ਦਾ ਫੈਸਲਾ ਕੀਤਾ ਹੈ। ਇਹ ਮਤਭੇਦ ਕੈਂਬੋਵਾਲ ਵਿਚ 25 ਜਥੇਦਾਰਾਂ ਵਲੋਂ ਬਰਨਾਲਾ ਦਾ ਪ੍ਰਧਾਨਗੀ ਤੋਂ ਅਸਤੀਫਾ ਨਾਮਨਜ਼ੂਰ ਕੀਤੇ ਜਾਣ ਉਤੇ ਉਭਰੇ ਸਨ ਕਿਉਂਕਿ ਬਲਵੰਤ ਸਿੰਘ ਨੇ ਤਲਵੰਡੀ ਧੜੇ ਨਾਲ ਸਮਝੌਤੇ ਦੇ ਹੱਕ ਵਿਚ ਹੋਣ ਕਾਰਨ ਇਸ ਕਾਰਵਾਈ ਦੀ ਨਿੰਦਾ ਕੀਤੀ ਸੀ।

ਬਲਵੰਤ ਸਿੰਘ ਧੜੇ ਨੇ 15 ਜਨਵਰੀ ਨੂੰ ਇਕ ਮੀਟਿੰਗ ਜਲੰਧਰ ਵਿਚ ਬੁਲਾਈ ਸੀ ਜਿਸ ਵਿਚ ਬਰਨਾਲਾ ਵਿਰੁਧ ਦਸਤਖਤੀ ਮੁਹਿਮ ਸ਼ੁਰੂ ਕਰਨ ਦਾ ਵਿਚਾਰ ਸੀ। ਪਰ ਉਹ ਮੀਟਿੰਗ ਬਰਨਾਲਾ ਤੇ ਬਲਵੰਤ ਸਿੰਘ ਵਿਚਕਾਰ ਦੋ ਘੰਟੇ ਦੀ ਗੱਲਬਾਤ ਪਿਛੋਂ ਰੱਦ ਕਰ ਦਿੱਤੀ ਗਈ ਸੀ। ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ (ਲੌਂ:) ਨਾਲ ਸਬੰਧਤ 21 ਵਿਧਾਇਕਾਂ ਨੇ ਕਿਹਾ ਸੀ ਕਿ ਉਹ 15 ਜਨਵਰੀ ਨੂੰ ਮੀਟਿੰਗ ਬੁਲਾਕੇ ਬਰਨਾਲਾ ਧੜੇ ਤੋਂ ਵੱਖ ਹੋਣ ਦਾ ਐਲਾਨ ਕਰਨਗੇ ਸ਼੍ਰੋਮਣੀ ਅਕਾਲੀ ਦਲ (ਲੌਂ:) ਤੇ ਸਾਂਝਾ ਅਕਾਲੀ ਦਲ (ਬਾਦਲ ਧੜਾ) ਵਿਚਕਾਰ ਏਕਤਾ ਦੀ ਗੱਲਬਾਤ ਅਜੇ ਵੀ ਜਾਰੀ ਹੈ।

ਪਤਾ ਲੱਗਾ ਹੈ ਕਿ ਸ੍ਰੀ ਬਰਨਾਲਾ ਨੇ ਬਲਵੰਤ ਸਿੰਘ ਉਤੇ ਜ਼ੋਰ ਦਿੱਤਾ ਕਿ ਜੇਕਰ ਲੌਂਗੋਵਾਲ ਗਰੁਪ ਵਿਚ ਹੀ ਦੋ ਧੜੇ ਹੋ ਗਏ ਤਾਂ ਏਕਤਾ ਸਮੇਂ ਇਸ ਗਰੁਪ ਦੀ ਅਹਿਮੀਅਤ ਘਟ ਜਾਵੇਗੀ। ਦੋਵਾਂ ਅਕਾਲੀ ਦਲਾਂ ਦੇ ਏਕਤਾ ਫਾਰਮੂਲੇ ਵਿਚ ਇਹ ਮਦ ਵੀ ਸ਼ਾਮਲ ਹੈ ਕਿ ਐਗਜ਼ੈਕਟਿਵ ਵਿਚ ਦੋਵਾਂ ਧੜਿਆਂ ਨੂੰ ਬਰਾਬਰ ਦੀ ਪ੍ਰਤੀਨਿਧਤਾ ਦਿੱਤੀ ਜਾਵੇਗੀ।

ਇਸੇ ਦੌਰਾਨ ਬਲਵੰਤ ਸਿੰਘ ਅਤੇ ਜਗਦੇਵ ਸਿੰਘ ਤਲਵੰਡੀ ਵਿਚਕਾਰ ਲੁਧਿਆਣੇ ਵਿਚ ਵੀ ਗੱਲਬਾਤ ਹੋਈ।

ਰੇਲਵੇ ਪਟੜੀਆਂ ਉਤੇ ਬੰਬ ਧਮਾਕੇ

ਅੰਮ੍ਰਿਤਸਰ — ਪੰਜਾਬ ਵਿਚ ਦਹਿਸ਼ਤਗਰਦੀ ਜਾਰੀ ਹੈ। ਪਿਛਲੇ ਦਿਨ ਇਸ ਦਹਿਸ਼ਤਗਰਦੀ ਦੇ ਅੱਠ ਵਿਅਕਤੀ ਸ਼ਿਕਾਰ ਹੋਏ। ਪਿਛਲੇ ਦਿਨ ਜਲੰਧਰ ਵਿਚ ਫਤਹਿਪੁਰ ਪਿੰਡ ਦੇ ਨੇੜੇ ਸੁਰਖਿਆ ਸੈਨਕਾਂ ਨੇ ਇਕ ਦਹਿਸ਼ਤਗਰਦ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਜਿਸਦੀ ਅਜੇ ਤੱਕ ਪਹਿਚਾਣ ਨਹੀਂ ਹੋ ਸਕੀ। ਉਸਦੇ ਕੋਲੋਂ ਇਕ ਏ ਕੇ 47 ਰਾਈਫਲ, ਇਕ ਪਿਸਤੌਲ ਤੇ ਗੋਲਾ ਬਾਰੂਦ ਬਰਾਮਦ ਹੋਇਆ। ਬਟਾਲਾ ਪੁਲਸ ਜ਼ਿਲੇ ਵਿਚ ਦਹਿਸ਼ਤਗਰਦੀ ਦੀ ਸ਼ਿਕਾਰ ਇਕ ਔਰਤ ਦੀ ਲਾਸ਼ ਮਿਲੀ। ਮਜੀਠਾ ਪੁਲਸ ਜ਼ਿਲੇ ਵਿਚ ਚਾਰ ਕਟੜਵਾਦੀ ਦਹਿਸ਼ਤਗਰਦ ਗ੍ਰਿਫਤਾਰ ਕੀਤੇ ਜਾਣੇ ਦੀ ਖਬਰ ਹੈ।

ਰੇਲਵੇ ਪਟੜੀ ਉਡਾ ਦਿੱਤੀ

ਦਹਿਸ਼ਤਗਰਦਾਂ ਨੇ ਉਤਰੀ ਰੇਲਵੇ ਦੀ ਅੰਮ੍ਰਿਤਸਰ—ਪਠਾਨਕੋਟ ਸੈਕਸ਼ਨ ਉਤੇ ਕਠੂਆ ਨੰਗਲ ਤੇ ਜਯੰਤੀਪੁਰ ਰੇਲਵੇ ਸਟੇਸ਼ਨਾਂ ਦੇ ਵਿਚਕਾਰ ਮੋਗਾ ਸਰਾਏ ਦੇ ਨੇੜੇ ਬੰਬਾਂ ਨਾਲ ਰੇਲ ਪਟੜੀ ਉਡਾ ਦਿੱਤੀ। ਰੇਲ-ਟਰੈਕ ਇਕ ਮਾਲਗੱਡੀ ਦੇ ਲੰਘਣ ਤੋਂ ਪਿਛੋਂ ਉਡ ਗਿਆ। ਇਸ ਟਰੈਕ ਉਤੇ ਗੱਡੀਆਂ ਦੀ ਆਵਾਜਾਈ ਬੰਦ ਹੋ ਗਈ ਹੈ ਕਿਉਂਕਿ ਲਗਪਗ ਦਸ ਮੀਟਰ ਪਟੜੀ ਜ਼ਬਰਦਸਤ ਬੰਬ ਧਮਾਕਿਆਂ ਕਾਰਨ ਉਡ ਗਈ ਹੈ। ਰੇਲਵੇ ਅਧਿਕਾਰੀ ਤੇ ਪੁਲਸ ਕੁਝ ਚਿਰ ਪਿਛੋਂ ਮੋਗਾ ਸਰਾਏ ਪਹੁੰਚ ਗਏ। ਪਿਛਲੇ ਚਾਰ ਦਿਨਾਂ ਅੰਦਰ ਰੇਲਵੇ ਪਟੜੀਆਂ ਉਡਾਉਣ ਦੀ ਇਹ ਦੂਜੀ ਘਟਨਾ ਸੀ।

ਲੁਧਿਆਣਾ ਨੇੜੇ ਰੇਲਵੇ ਪਟੜੀ ਤੇ ਧਮਾਕਾ

ਇਸੇ ਤਰ੍ਹਾਂ ਸ਼ਨਿਚਰਵਾਰ 14 ਜਨਵਰੀ ਨੂੰ ਕਿਲਾ ਰਾਇਪੁਰ ਤੇ ਅਹਿਮਦਗੜ੍ਹ ਮੰਡੀ ਵਿਚਕਾਰ ਰੇਲਵੇ ਪਟੜੀ ਉਤੇ ਬੰਬ ਧਮਾਕੇ ਕੀਤੇ ਗਏ ਤੇ ਗੱਡੀਆਂ ਦੀ ਆਵਾਜਾਈ ਕਈ ਘੰਟੇ ਰੁਕੀ ਰਹੀ। ਇਨ੍ਹਾਂ ਬੰਬ ਧਮਾਕਿਆਂ ਕਾਰਨ ਰੇਲਵੇ ਯਾਤਰੀਆਂ ਵਿਚ ਡਰ ਦੀ ਭਾਵਨਾ ਵਧੀ ਹੈ। ਉਤਰੀ ਰੇਲਵੇ ਦੇ ਅਧਿਕਾਰੀਆਂ ਨੇ ਪੰਜਾਬ ਵਿਚ ਚਲਣ ਵਾਲੀਆਂ ਗੱਡੀਆਂ ਉਤੇ ਸੁਰੱਖਿਆ ਸੈਨਕਾਂ ਦੀ ਗਿਣਤੀ ਵਧਾ ਦਿੱਤੀ ਹੈ।

6 ਹੋਰ ਹਲਾਕ

ਐਤਵਾਰ 15 ਜਨਵਰੀ ਨੂੰ ਪੰਜਾਬ ਵਿਚ ਹੋਈ ਹਿੰਸਾ 'ਚ ਛੇ ਮੌਤਾਂ ਹੋਣ ਦੀ ਖਬਰ ਹੈ। ਦਹਿਸ਼ਤਗਰਦਾਂ ਨੇ ਇਕ ਨਿਹੰਗ ਸਮੇਂ ਤਿੰਨ ਹੋਰ ਬੇਗੁਨਾਹਾਂ ਦੀ ਜਾਨ ਗਈ। ਜਿਨ੍ਹਾਂ ਵਿਚੋਂ ਇਕ ਨੌਜਵਾਨ ਦੀ ਲਾਸ਼ ਲੁਧਿਆਣੇ ਨੇੜੇ ਨਹਿਰ ਵਿਚੋਂ ਮਿਲੀ। ਦੋ ਮੌਤਾਂ ਬਠਿੰਡਾ ਤੇ ਸੰਗਰੂਰ ਹੋਈਆਂ। ਇਸ ਦੌਰਾਨ ਪੁਲੀਸ ਨੇ 12 ਅਜਿਹੇ ਵਿਅਕਤੀ ਗ੍ਰਿਫਤਾਰ ਕੀਤੇ ਜੋ ਦਹਿਸ਼ਤਗਰਦਾਂ ਨੂੰ ਸ਼ਰਨ ਦੇਣ ਵਾਲੇ ਸਨ।

ਪੁਲਸ ਇਨਸਪੈਕਟਰ ਦਾ ਭਰਾ ਹਲਾਕ

ਚੀਮਾ ਪਿੰਡ ਵਿਚ ਦਹਿਸ਼ਤਗਰਦਾਂ ਨੇ ਪੁਲਸ ਇਨਸਪੈਕਟਰ ਸ਼ੇਰ ਸਿੰਘ ਦੇ ਚਚੇਰੇ ਭਰਾ ਹਰਬੰਸ ਸਿੰਘ ਨੂੰ ਗੋਲੀ ਮਾਰ ਦਿੱਤੀ। ਇਸ ਹਮਲੇ ਵਿਚ ਦੋ ਦਹਿਸ਼ਤਗਰਦ ਸ਼ਾਮਲ ਸਨ।

220 ਕਰੋੜ ਦੀ ਹੈਰੋਇਨ ਫੜੀ

ਬਾਰਡਰ ਸਕਿਉਰਿਟੀ ਫੋਰਸ ਨੇ ਫੀਰੋਜ਼ਪੁਰ ਵਿਚ ਸਮਗਲਰਾਂ ਕੋਲੋਂ ਭਾਰੀ ਮਾਤਰਾ ਵਿਚ ਹੈਰੋਇਨ ਫੜੀ ਜਿਸ ਦਾ ਮੁੱਲ ਕੌਮਾਂਤਰੀ ਮਾਰਕਿਟ ਅਨੁਸਾਰ 220 ਕਰੋੜ ਰੁਪਏ ਕਿਹਾ ਗਿਆ ਹੈ। ਸਮਗਲਰ ਇਹ ਹੈਰੋਇਨ ਪਾਕਿਸਤਾਨ ਤੋਂ ਲਿਆਏ ਸਨ। ਇਸ ਮਹੀਨੇ ਸਰਹੱਦੀ ਇਲਾਕੇ ਵਿਚੋਂ 150 ਕਿਲੋ ਹੈਰੋਇਨ ਫੜੀ ਗਈ ਹੈ।

ਗੁਮਰਾਹ ਨੌਜਵਾਨਾਂ ਲਈ ਰੁਜ਼ਗਾਰ ਦਾ ਪ੍ਰਬੰਧ

ਚੰਡੀਗੜ੍ਹ — ਗਵਰਨਰ ਦੀ ਸਲਾਹਕਾਰ ਕੌਂਸਲ ਨੇ ਕਲ੍ਹ ਇਥੇ ਫੈਸਲਾ ਕੀਤਾ ਕਿ ਵੱਖ ਵੱਖ ਸਰਕਾਰੀ ਸੇਵਾਵਾਂ ਵਿਚ ਭਰਤੀ ਸਮੇਂ ਉਮਰ ਵਿਚ ਪੰਜ ਸਾਲ ਦੀ ਛੋਟ ਦਿੱਤੀ ਗਈ ਹੈ ਤਾਂਕਿ ਗੁਮਰਾਹ ਹੋਏ ਨੌਜਵਾਨਾਂ ਨੂੰ ਰੁਜ਼ਗਾਰ ਦੇ ਕੇ ਸੰਤੁਸ਼ਟ ਕੀਤਾ ਜਾਵੇ।

ਸਲਾਹਕਾਰ ਕੌਂਸਲ ਦੇ ਮੈਂਬਰਾਂ ਦਾ ਕਹਿਣਾ ਸੀ ਕਿ ਦਹਿਸ਼ਤਗਰਦ ਨੌਜਵਾਨਾਂ ਨੂੰ ਗੁਮਰਾਹ ਕਰਨ ਲਈ ਪੈਸੇ ਦਾ ਲਾਲਚ ਦਿੰਦੇ ਹਨ ਅਤੇ ਬੇਰੁਜ਼ਗਾਰ ਨੌਜਵਾਨ ਇਸ ਲਾਲਚ ਕਾਰਨ ਉਨ੍ਹਾਂ ਦੇ ਜਾਲ ਵਿਚ ਫਸ ਜਾਂਦੇ ਹਨ। ਇਸ ਦਾ ਹੱਲ ਇਹ ਦੱਸਿਆ ਗਿਆ ਕਿ ਵੱਧ ਤੋਂ ਵੱਧ ਨੌਜਵਾਨਾਂ ਨੂੰ ਸਰਕਾਰੀ ਸੇਵਾਵਾਂ ਅਧੀਨ ਨੌਕਰੀਆਂ ਦਿੱਤੀਆਂ ਜਾਣ।

ਇਸ ਫੈਸਲੇ ਅਧੀਨ ਉਮਰ ਦੀ ਸੀਮਾ ਵਿਚ ਇਹ ਛੋਟ ਇਸੇ ਮਹੀਨੇ ਤੋਂ ਲਾਗੂ ਕੀਤੀ ਗਈ ਹੈ ਤੇ ਇਹ ਇਕ ਸਾਲ ਜਾਰੀ ਰਹੇਗੀ।

ਫਗਵਾੜਾ ਨੇੜੇ ਬੱਸ ਤੇ ਕਾਰ 'ਚ ਟੱਕਰ

ਫਗਵਾੜਾ — ਇਥੇ ਇਕ ਦੁਰਘਟਨਾ ਉਸ ਸਮੇਂ ਵਾਪਰੀ ਜਦ ਪੰਜਾਬ ਰੋਡਵੇਜ਼ ਦੀ ਬੱਸ ਅਤੇ ਇਕ ਕਾਰ ਵਿਚ ਟੱਕਰ ਹੋ ਗਈ। ਇਸ ਆਹਮੋ ਸਾਹਮਣੇ ਹੋਈ ਟੱਕਰ ਵਿਚ ਚੰਡੀਗੜ੍ਹ ਯੂਥ ਕਾਂਗਰਸ ਦੇ ਵਾਈਸ ਪ੍ਰੈਜ਼ੀਡੈਂਟ ਕ੍ਰਿਸ਼ਨ ਕੁਮਾਰ ਅਗਰਵਾਲ ਅਤੇ ਪਾਰਟੀ ਦੇ ਇਕ ਅਧਿਕਾਰੀ ਵਰਿੰਦਰ ਸ਼ਰਮਾ ਦੀ ਘਟਨਾ ਵਾਲੀ ਥਾਂ ਉਤੇ ਹੀ ਮੌਤ ਹੋ ਗਈ ਅਤੇ 40 ਬੱਸ ਮੁਸਾਫ਼ਰ ਜ਼ਖਮੀ ਹੋਏ। ਇਨ੍ਹਾਂ ਵਿਚੋਂ ਕਈਆਂ ਦੀ ਹਾਲਤ ਚਿੰਤਾਜਨਕ ਦੱਸੀ ਗਈ ਹੈ।

ਸ੍ਰੀ ਅਗਰਵਾਲ ਆਪਣੇ ਸਾਥੀਆਂ ਨਾਲ ਇੰਦਰਾ ਕਾਂਗਰਸ ਦੇ ਨੇਤਾ ਜੋਗਿੰਦਰ ਸਿੰਘ ਮਾਨ ਨੂੰ ਮਿਲਣ ਜਾ ਰਹੇ ਸਨ।

ਇਸ ਟੱਕਰ ਸਮੇਂ ਬੱਸ ਉਲਟ ਗਈ ਤੇ 40 ਯਾਤਰੀਆਂ ਨੂੰ ਗੰਭੀਰ ਸੱਟਾਂ ਲੱਗੀਆਂ।

ਰਾਜ ਮੰਗਲ ਪਾਂਡੇ ਦਾ ਕਾਂਗਰਸ ਤੋਂ ਅਸਤੀਫ਼ਾ

ਨਵੀਂ ਦਿੱਲੀ — ਉਤਰ ਪ੍ਰਦੇਸ਼ ਦੇ ਇਕ ਸਾਬਕ ਮੰਤਰੀ ਤੇ ਇੰਦਰਾ ਕਾਂਗਰਸ ਦੇ ਪਾਰਲੀਮੈਂਟ ਮੈਂਬਰ ਸ੍ਰੀ ਰਾਜ ਮੰਗਲ ਪਾਂਡੇ ਨੇ ਕਾਂਗਰਸ ਪਾਰਟੀ ਵਿਚੋਂ ਅਸਤੀਫ਼ਾ ਦੇ ਦਿੱਤਾ ਤੇ ਕਿਹਾ ਕਿ ਇਹ ਪਾਰਟੀ ਭ੍ਰਿਸ਼ਟਾਚਾਰ ਦੀ ਦਲਦਲ ਵਿਚ ਏਨੀ ਫਸ ਗਈ ਹੈ ਕਿ ਇਸਦਾ ਕੋਈ ਇਲਾਜ ਨਹੀਂ ਰਿਹਾ। ਉਨ੍ਹਾਂ ਨੇ ਆਪਣੀ ਪਾਰਲੀਮੈਂਟ ਸੀਟ ਤੋਂ ਵੀ ਅਸਤੀਫ਼ਾ ਦੇ ਦਿੱਤਾ।

ਇਹ ਫੈਸਲਾ ਸ੍ਰੀ ਪਾਂਡੇ ਨੇ ਪੱਤਰਕਾਰਾਂ ਨੂੰ ਜਨਤਾ ਦਲ ਦੇ ਨੇਤਾ ਵਿਸ਼ਵਾਨਾਥ ਪ੍ਰਤਾਪ ਸਿੰਘ ਦੀ ਮੌਜੂਦਗੀ ਵਿਚ ਸੁਣਾਇਆ। ਉਨ੍ਹਾਂ ਕਿਹਾ ਕਿ ਕਾਂਗਰਸ ਏਨੀ ਗਰਕ ਚੁਕੀ ਹੈ ਕਿ ਇਸ ਦੀ ਕਲਿਆਣ ਹੁਣ ਸੰਭਵ ਨਹੀਂ ਰਹੀ। ਸ੍ਰੀ ਪਾਂਡੇ ਨੇ ਜਨਤਾ ਦਲ ਦੀ ਮੈਂਬਰਸ਼ਿਪ ਲੈ ਲਈ ਹੈ।

ਉਮਰਾਨੰਗਲ ਨੇ ਬੇਨਜ਼ੀਰ ਤੋਂ ਮੁਲਾਕਾਤ ਦਾ ਸਮਾਂ ਮੰਗਿਆ

ਫਗਵਾੜਾ — ਅਕਾਲੀ ਦਲ (ਲੌਂ:) ਦੇ ਸੀਨੀਅਰ ਮੀਤ ਪ੍ਰਧਾਨ ਤੇ ਸੀਨੀਅਰ ਲੀਡਰ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਨੇ ਪਾਕਿਸਤਾਨ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਬੇਨਜ਼ੀਰ ਭੁੱਟੋ ਨੂੰ ਪੱਤਰ ਲਿਖ ਕੇ ਉਹਨਾਂ ਤੋਂ ਮੁਲਾਕਾਤ ਦਾ ਸਮਾਂ ਮੰਗਿਆ ਹੈ ਤਾਂ ਕਿ ਭਾਰਤ-ਪਾਕਿਸਤਾਨ ਸਬੰਧਾਂ ਖਾਸ ਕਰਕੇ ਅਤਿਵਾਦ ਅਤੇ ਸਿੱਖ ਮਸਲੇ ਸੰਬੰਧੀ ਵੇਰਵੇ ਸਹਿਤ ਗੱਲਬਾਤ ਕਰ ਸਕਣ।

ਬੰਬਈ 'ਚ ਤਿੰਨ ਹਲਾਕ

ਬੰਬਈ — ਸਮੁੰਦਰੀ ਤੱਟ ਉਤੇ ਤੇਲ ਅਤੇ ਗੈਸ ਕੱਢਣ ਵਾਲੇ ਇਕ ਖੂਹ ਉਤੇ ਅੱਗ ਲੱਗਣ ਨਾਲ ਤਿੰਨ ਵਿਅਕਤੀ ਮਾਰੇ ਜਾਣ ਦੀ ਖਬਰ ਹੈ। ਜਿਸ ਰਿਗ ਉਤੇ ਇਹ ਅੱਗ ਲੱਗੀ ਉਹ ਇਕ ਪ੍ਰਾਈਵੇਟ ਕੰਪਨੀ ਦਾ ਸੀ ਜਿਸ ਨੂੰ ਆਇਲ ਐਂਡ ਨੈਚਰਲ ਗੈਸ ਆਯੋਗ ਨੇ ਠੇਕੇ ਉਤੇ ਦਿੱਤਾ ਹੋਇਆ ਸੀ।

ਦੁਰਘਟਨਾ ਸਮੇਂ 57 ਵਿਅਕਤੀ ਖੂਹ ਉਤੇ ਕੰਮ ਕਰ ਰਹੇ ਸਨ। ਅੱਗ ਤੋਂ 54 ਵਿਅਕਤੀ ਬਚਾ ਲਏ ਗਏ ਜਦਕਿ ਤਿੰਨਾਂ ਦੀ ਮੌਕੇ ਉਤੇ ਹੀ ਮੌਤ ਹੋ ਗਈ।

3 ਫ਼ਰਵਰੀ ਨੂੰ ਹੜਤਾਲ

ਪਤਾ ਲੱਗਾ ਹੈ ਕਿ ਬੰਬਈ ਦੇ ਖਾਦ ਦੇ ਕਾਰਖਾਨਿਆਂ ਵਿਚ ਕੰਮ ਕਰਨ ਵਾਲੇ 30,000 ਮਜ਼ਦੂਰਾਂ ਨੇ ਫੈਸਲਾ ਕੀਤਾ ਹੈ ਕਿ ਉਹ 3 ਫ਼ਰਵਰੀ ਨੂੰ ਹੜਤਾਲ ਕਰਨਗੇ। ਇਸ ਆਮ ਹੜਤਾਲ ਦਾ ਕਾਰਨ ਇਹ ਦੱਸਿਆ ਗਿਆ ਹੈ ਕਿ ਮਜ਼ਦੂਰਾਂ ਨੂੰ ਪੂਰੀ ਤਨਖਾਹ ਨਹੀਂ ਦਿੱਤੀ ਜਾ ਰਹੀ ਅਤੇ ਹੋਰ ਸੁਵਿਧਾਵਾਂ ਤੋਂ ਵੀ ਵਿਰਵੇ ਰੱਖਿਆ ਜਾ ਰਿਹਾ ਹੈ।

ਮਲੇਸ਼ੀਆ ਵਿਚੋਂ 12 ਭਾਰਤੀ ਟੀਚਰਾਂ ਨੂੰ ਛੁੱਟੀ

ਕੁਆਲਾਲੰਪਰ — ਮਲੇਸ਼ੀਆ ਦੇ ਸਿਖਿਆ ਵਿਭਾਗ ਨੇ 12 ਭਾਰਤੀ ਅਧਿਆਪਕਾਂ ਨੂੰ ਕੰਮ ਤੋਂ ਹਟਾ ਦਿੱਤਾ ਹੈ ਤੇ ਕਿਹਾ ਹੈ ਕਿ ਉਹ ਵਾਪਸ ਭਾਰਤ ਪਰਤ ਜਾਣ। ਇਹ ਛੁੱਟੀ ਇਸ ਕਾਰਨ ਕੀਤੀ ਗਈ ਹੈ ਕਿ ਮਲੇਸ਼ੀਆ ਦੇ ਕਾਨੂੰਨ ਅਨੁਸਾਰ ਅਜਿਹੀਆਂ ਨੌਕਰੀਆਂ ਕੇਵਲ ਉਨ੍ਹਾਂ ਨੂੰ ਹੀ ਦਿੱਤੀਆਂ ਜਾ ਸਕਦੀਆਂ ਹਨ ਜੋ ਮਲੇਸ਼ੀਆ ਦੇ ਜੰਮਪਲ ਹੋਣ।

ਅਫਗਾਨ ਗੁਰੀਲੇ ਬਾਜ ਨਾ ਆਏ ਤਾਂ ਫੌਜੀ ਸਹਾਇਤਾ ਜਾਰੀ

ਮਾਸਕੋ — ਇਥੇ ਸੋਵੀਅਤ ਯੂਨੀਅਨ ਦੇ ਵਿਦੇਸ਼ ਮੰਤਰੀ ਸ੍ਰੀ ਸ਼ੈਵਰਨਾਜ਼ੇ ਨੇ ਐਲਾਨ ਕੀਤਾ ਕਿ ਜੇਕਰ ਅਫ਼ਗਾਨਿਸਤਾਨ ਵਿਚ ਅਫ਼ਗਾਨ ਗੁਰੀਲਿਆਂ ਨੇ ਆਪਣੇ ਹਮਲੇ ਜਾਰੀ ਰੱਖੇ ਤਾਂ ਸੋਵੀਅਤ ਯੂਨੀਅਨ ਅਫ਼ਗਾਨ ਸਰਕਾਰ ਨੂੰ ਫੌਜੀ ਸਹਾਇਤਾ ਜਾਰੀ ਰੱਖੇਗਾ।

ਈਰਾਨ ਵਲੋਂ ਮੱਦਦ ਦਾ ਐਲਾਨ

ਇਸੇ ਦੌਰਾਨ ਈਰਾਨ ਸਰਕਾਰ ਨੇ ਐਲਾਨ ਕੀਤਾ ਹੈ ਕਿ ਉਹ ਅਫਗਾਨ ਗੁਰੀਲਿਆਂ ਨੂੰ ਸਹਾਇਤਾ ਦੇਣੀ ਬੰਦ ਨਹੀਂ ਕਰੇਗਾ ਕਿਉਂਕਿ 24 ਲੱਖ ਅਫ਼ਗਾਨ ਈਰਾਨ ਵਿਚ ਆ ਵਸੇ ਹਨ।

ਜ਼ਿਆ ਦੀ ਮੌਤ 'ਚ ਭਾਰਤ ਦਾ ਹੱਥ ਨਹੀਂ

ਇਸਲਾਮਾਬਾਦ — ਪਾਕਿਸਤਾਨ ਦੇ ਮਾਰੇ ਗਏ ਫੌਜੀ ਡਿਕਟੇਟਰ ਜ਼ਿਆ-ਉਲ-ਹੱਕ ਦੇ ਵੱਡੇ ਬੇਟੇ ਅਜਿਆ-ਉਲ-ਹੱਕ ਨੇ ਇਕ ਇੰਟਰਵਿਊ ਵਿਚ ਇਥੇ ਕਿਹਾ ਕਿ ਉਨ੍ਹਾਂ ਕੋਲ ਅਜਿਹਾ ਕੋਈ ਸਬੂਤ ਨਹੀਂ ਹੈ ਜਿਸਦੇ ਆਧਾਰ ਉਤੇ ਉਹ ਕਹਿ ਸਕਣ ਕਿ ਜ਼ਿਆ-ਉਲ-ਹੱਕ ਦੀ ਮੌਤ ਵਿਚ ਭਾਰਤ ਦਾ ਹੱਥ ਹੈ।

ਡਿਕਟੇਟਰ ਜ਼ਿਆ-ਉਲ-ਹੱਕ ਪਿਛਲੇ ਅਗਸਤ ਵਿਚ ਇਕ ਹਵਾਈ ਦੁਰਘਟਨਾ ਵਿਚ ਮਾਰੇ ਗਏ ਸਨ। ਇਨ੍ਹਾਂ ਅਫਵਾਹਾਂ ਦਾ ਉਨ੍ਹਾਂ ਖੰਡਨ ਕੀਤਾ ਕਿ ਹਵਾਈ ਜਹਾਜ਼ ਮਿਜ਼ਾਈਲ ਨਾਲ ਡੇਗਿਆ ਗਿਆ।

ਕੁੰਭ ਦਾ ਮੇਲਾ ਸ਼ੁਰੂ

ਅਲਾਹਾਬਾਦ : ਉਤਰ ਪ੍ਰਦੇਸ਼ ਦੇ ਇਸ ਸ਼ਹਿਰ ਵਿਚ ਕੁੰਭ ਮੇਲਾ ਸ਼ੁਰੂ ਹੋ ਗਿਆ ਹੈ ਜੋ ਡੇਢ ਮਹੀਨਾ ਚਲੇਗਾ। ਇਹ ਕੁੰਭ ਮੇਲਾ 12 ਵਰ੍ਹਿਆਂ ਪਿਛੋਂ ਆਉਂਦਾ ਹੈ। ਗੰਗਾ-ਇਸ਼ਨਾਨ ਕਰਨ ਲਈ ਇਨ੍ਹਾਂ 45 ਦਿਨਾਂ ਵਿਚ ਡੇਢ ਕਰੋੜ ਹਿੰਦੂ-ਭਗਤਾਂ ਦੇ ਪੁਜਣ ਦੀ ਸੰਭਾਵਨਾ ਹੈ। ਇਸ ਸਮੇਂ ਲੋਕ ਸੰਗਮ ਵਿਚ ਡੁਬਕੀਆਂ ਲਾਉਂਦੇ ਹਨ।

ਇਸੇ ਦੌਰਾਨ ਪੱਛਮੀ ਬੰਗਾਲ ਵਿਚ ਗੰਗਾ-ਇਸ਼ਨਾਨ ਕਰਨ ਵਾਲਿਆਂ ਨੂੰ ਲਿਜਾ ਰਹੀ ਇਕ ਬੇੜੀ ਦੇ ਡੁੱਬਣ ਦਾ ਸਮਾਚਾਰ ਹੈ ਜਿਸ ਵਿਚ 9 ਵਿਅਕਤੀ ਡੁੱਬ ਗਏ। ਇਹ ਦੁਰਘਟਨਾ 24-ਪਰਗਨਾ ਜ਼ਿਲੇ ਵਿਚ ਵਾਪਰੀ। ਬੇੜੀ ਵਿਚ 60 ਵਿਅਕਤੀ ਸਨ।

ਬੱਸ ਤੇ ਟਰੱਕ ਦੀ ਟੱਕਰ, 1 ਮਰਿਆ 20 ਜ਼ਖਮੀ

ਅੰਮ੍ਰਿਤਸਰ — ਇਥੋਂ 50 ਕਿਲੋਮੀਟਰ ਦੂਰ ਹਮੀਰਾ ਨੇੜੇ ਜੀ ਟੀ ਰੋਡ 'ਤੇ ਵਾਪਰੇ ਇਕ ਸੜਕ ਹਾਦਸੇ 'ਚ ਪੰਜਾਬ ਰਾਜ ਬਿਜਲੀ ਬੋਰਡ ਦਾ ਇਕ ਕਰਮਚਾਰੀ ਮਾਰਿਆ ਗਿਆ ਤੇ 20 ਹੋਰ ਜ਼ਖਮੀ ਹੋ ਗਏ। ਇਨ੍ਹਾਂ ਵਿਚੋਂ ਪੰਜ ਦੀ ਹਾਲਤ ਗੰਭੀਰ ਦੱਸੀ ਜਾਂਦੀ ਹੈ। ਜ਼ਖਮੀਆਂ ਨੂੰ ਗੁਰੂ ਤੇਗ ਬਹਾਦਰ ਹਸਪਤਾਲ ਵਿਖੇ ਦਾਖਲ ਕਰਾ ਦਿੱਤਾ ਗਿਆ ਹੈ। ਇਹ ਕਰਮਚਾਰੀ ਪਟਿਆਲੇ ਵਿਖੇ ਹੋਈ ਰੈਲੀ ਤੋਂ ਵਾਪਸ ਆ ਰਹੇ ਸਨ।

IMPERIAL CARPETS


PEERLESS Fashion SHOWPLACE™ PEERLESS Fashion SHOWPLACE™

Carpet Savings Days Are Here!





ਜਗਮੇਲ ਸਿੰਘ ਬਰਾੜ



Heavy Berber

- 100% Peerlon BCF nylon offered exclusively by PEERLESS
- Available in 9 unique earth-tone colorations
- Scotchgard treated
- Sanitized
- Exclusive 5-year wear guarantee

$12.95 sq. yd. Protege-tapis Scotchgard Carpet Protector Sanitized

Saxony Carpet

- 18 colors
- Velour tailored finish
- Scotchgard treated
- Perfect for all decorating needs

$16.95 sq. yd. Installed Protege-tapis Scotchgard Carpet Protector

Top Grade Saxony Carpet

Magnificent nylon saxony carpets In 30 solid decorator shades. In unique styles

$22.95 sq. yd. Peerlon

ਪੁਰਾਣੇ ਜਾਂ ਨਵੇਂ ਘਰਾਂ, ਅਪਾਰਟਮੈਂਟਾਂ, ਮੋਟਲਾਂ, ਰੈਸਟੋਰੈਂਟਾਂ, ਕਾਰਾਂ ਤੇ ਵੈਨਾਂ ਲਈ ਵਧੀਆ ਕਾਰਪਟ ਲਈ ਆਪਣੇ ਭਾਈਆਂ ਦੇ ਸਟੋਰ ਇੰਪੀਰੀਅਲ ਕਾਰਪਟ ਤੇ ਆਓ। ਅਸੀਂ ਮਾਰਕੀਟ ਨਾਲੋਂ ਹਰ ਤਰ੍ਹਾਂ ਦੇ ਕਾਰਪਟ ਤੇ ਲਾਈਨੋ,ਸਭ ਤੋਂ ਘੱਟ ਕੀਮਤਾਂ ਤੇ ਇਨਸਟਾਲੇਸ਼ਨ ਦੀ ਗਰੰਟੀ ਦਿੰਦੇ ਹਾਂ। ਹੋਰ ਜਾਣਕਾਰੀ ਲਈ ਜਗਮੇਲ ਸਿੰਘ ਬਰਾੜ ਨੂੰ ਫੋਨ ਕਰੋ: ਫੋਨ: 430-1030 Direct Pager 667-3942ਫਰੀ ਐਸਟੀਮੇਟਸ

VISA MasterCard

6681 McPherson Ave., Burnaby, B.C.
(5500 BLOCK KINGSWAY) Next to Color Your World, Opposite Canadian Tire

PHONE 430-1030

HOURS:
MON.—WED. .... 9:00 - 6:00 P.M.
THURS. - FRI. .... 9:00 - 9 P.M.
SAT. .... 10:00 - 5:00 P.M.

ਬੰਗਲਾ ਦੇਸ਼ ਵਿਚ ਭਿਆਨਕ ਰੇਲ-ਟੱਕਰ

200 ਯਾਤਰੀ ਹਲਾਕ — 1000 ਜ਼ਖਮੀ

ਢਾਕਾ — ਬੰਗਲਾ ਦੇਸ਼ ਦੇ ਇਤਿਹਾਸ ਵਿਚ ਪਿਛਲੇ ਦਿਨ ਸਭ ਤੋਂ ਭਿਆਨਕ ਰੇਲ-ਟੱਕਰ ਵਾਪਰੀ ਜਿਸ ਵਿਚ 200 ਮੁਸਾਫ਼ਰ ਮਾਰੇ ਗਏ ਅਤੇ ਇਕ ਹਜ਼ਾਰ ਤੋਂ ਉਪਰ ਜ਼ਖਮੀ ਹੋਏ। ਇਹ ਦੁਰਘਟਨਾ ਦੋ ਗੱਡੀਆਂ ਵਿਚ ਟੱਕਰ ਕਾਰਨ ਹੋਈ।

ਖਬਰਾਂ ਅਨੁਸਾਰ 150 ਵਿਅਕਤੀ ਦੀ ਜਾਨ ਅਜੇ ਖਤਰੇ ਵਿਚ ਹੈ। ਡਾਕਟਰਾਂ ਅਨੁਸਾਰ ਇਨ੍ਹਾਂ ਵਿਚੋਂ ਬਹੁਤਿਆਂ ਦੇ ਬਚਣ ਦੀ ਉਮੀਦ ਬਹੁਤ ਘੱਟ ਹੈ। ਢਾਕਾ ਲਾਗੇ ਸਾਰੇ ਹਸਪਤਾਲ ਇਨ੍ਹਾਂ ਜ਼ਖਮੀਆਂ ਨਾਲ ਭਰੇ ਪਏ ਹਨ।

ਸਿਗਨਲਾਂ ਕਾਰਨ ਟੱਕਰ

ਰੇਲਵੇ ਅਧਿਕਾਰੀਆਂ ਨੇ ਇਥੇ ਦੱਸਿਆ ਕਿ ਇਹ ਰੇਲਾਂ ਦੀ ਟੱਕਰ ਸਿਗਨਲਾਂ ਦੀ ਗੜਬੜ ਕਾਰਨ ਹੋਈ। ਅਜੇ ਕੁਝ ਚਿਰ ਪਹਿਲਾਂ ਹੀ ਇਹ ਸਿਗਨਲ ਲਗਾਏ ਗਏ ਸਨ। ਸਿਗਨਲਾਂ ਵਿਚ ਖਰਾਬੀ ਕਾਰਨ ਹੀ ਇਹ ਗੱਡੀਆਂ ਆਪਸ ਵਿਚ ਭਿੜ ਗਈਆਂ। ਜਿਸ ਰੇਲਵੇ ਲਾਈਨ ਉਤੇ ਇਹ ਟੱਕਰ ਹੋਈ ਉਥੋਂ ਰੋਜ਼ਾਨਾ 70 ਗੱਡੀਆਂ ਗੁਜ਼ਰਦੀਆਂ ਹਨ। ਪੰਜ ਦਿਨ ਪਹਿਲਾਂ ਹੀ ਇਥੇ ਡਿਜ਼ੀਟਲ ਟੈਲੀਫ਼ੋਨ ਸੇਵਾਵਾਂ ਸ਼ੁਰੂ ਕੀਤੀਆਂ ਗਈਆਂ ਸਨ।

ਰਾਸ਼ਟਰੀ ਸੋਗ

16 ਜਨਵਰੀ ਸੋਮਵਾਰ ਨੂੰ ਸਾਰੇ ਬੰਗਲਾਦੇਸ਼ ਇਨ੍ਹਾਂ ਵਿਅਕਤੀਆਂ ਦੀ ਮੌਤ ਕਾਰਨ ਬੰਦ ਰਿਹਾ ਤੇ ਇਸ ਦਿਨ ਨੂੰ ਰਾਸ਼ਟਰੀ ਸੋਗ ਵਜੋਂ ਮਨਾਇਆ ਗਿਆ ਇਸ ਦੌਰਾਨ ਰਾਸ਼ਟਰੀ ਝੰਡਾ ਝੁਕਿਆ ਰਿਹਾ। ਮਸੀਤਾਂ ਵਿਚ ਪ੍ਰਾਰਥਨਾ-ਸਭਾਵਾਂ ਕੀਤੀਆਂ ਗਈਆਂ।

ਰਾਸ਼ਟਰਪਤੀ ਹੁਸੈਨ ਮੁਹੰਮਦ ਇਰਸ਼ਾਦ ਨੇ ਮ੍ਰਿਤਕਾਂ ਦੇ ਪ੍ਰਵਾਰਾਂ ਨੂੰ ਇਕ ਇਕ ਲੱਖ ਰੁਪਿਆ ਮੱਦਦ ਵਜੋਂ ਦੇਣ ਦਾ ਐਲਾਨ ਕੀਤਾ।

ਅਦਾਲਤੀ ਜਾਂਚ

ਬੰਗਲਾਦੇਸ਼ ਸਰਕਾਰ ਨੇ ਇਸ ਰੇਲ-ਟੱਕਰ ਲਈ ਇਕ ਅਦਾਲਤੀ ਕਮਿਸ਼ਨ ਨਿਯੁਕਤ ਕੀਤਾ ਹੈ ਜਿਸ ਦਾ ਮੁਖੀ ਸੁਪਰੀਮ ਕੋਰਟ ਦਾ ਜੱਜ ਹੋਵੇਗਾ ਤੇ ਉਹ 15 ਦਿਨ ਅੰਦਰ ਰੀਪੋਰਟ ਪੇਸ਼ ਕਰੇਗਾ।

ਸੀਤ ਲਹਿਰ

ਬੰਗਲਾ ਦੇਸ਼ ਵਿਚ ਸੀਤ ਲਹਿਰ ਚਲਣ ਕਾਰਨ ਮਰਨ ਵਾਲਿਆਂ ਦੀ ਗਿਣਤੀ 37 ਹੋ ਗਈ ਹੈ।

ਬੇਨਜ਼ੀਰ ਦੇ ਲਾਹੌਰ ਦੌਰੇ ਸਮੇਂ ਬੰਬ ਰੱਖਿਆ ਗਿਆ

ਇਸਲਾਮਾਬਾਦ — ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਦੇ ਲਾਹੌਰ ਪਹੁੰਚਣ ਸਮੇਂ ਸਕਿਉਰਿਟੀ ਗਾਰਡਾਂ ਦੇ ਪਿਛੇ ਫੁਲਾਂ ਦੇ ਇਕ ਗਮਲੇ ਵਿਚ ਰਖਿਆ ਬੰਬ ਬਰਾਮਦ ਕੀਤਾ ਗਿਆ। ਅਧਿਕਾਰੀਆਂ ਅਨੁਸਾਰ ਬੰਬ ਵਧੇਰੇ ਖਤਰਨਾਕ ਨਹੀਂ ਸੀ ਪਰ ਇਸ ਦਾ ਧਮਾਕਾ ਹਜੂਮ ਵਿਚ ਭਗਦੜ ਜ਼ਰੂਰ ਪੈਦਾ ਕਰ ਸਕਦਾ ਸੀ। ਪ੍ਰਧਾਨ ਮੰਤਰੀ ਬੇਨਜ਼ੀਰ ਨੇ ਕਿਹਾ ਕਿ ਉਹਨਾਂ ਦੀ ਸਰਕਾਰ ਨੂੰ ਕਮਜ਼ੋਰ ਕਰਨ ਦੀਆਂ ਸਾਜ਼ਿਸ਼ਾਂ ਜਾਰੀ ਹਨ। ਪਹਿਲਾਂ ਬਲੋਚਿਸਤਾਨ ਅਸੰਬਲੀ ਦੇ ਟੁੱਟਣ ਬਾਅਦ ਸਾਜ਼ਿਸ਼ ਸੀ ਕਿ ਪਹਿਲੇ ਸਰਹੰਦ ਅਸੰਬਲੀ ਤੋੜੀ ਜਾਏ ਤੇ ਫਿਰ ਪੰਜਾਬ ਦੇ ਮੈਂਬਰ ਅਸਤੀਫੇ ਦੇ ਦੇਣ। ਇਸ ਤਰ੍ਹਾਂ ਉਹਨਾਂ ਦੀ ਕੇਂਦਰੀ ਸਰਕਾਰ ਲਈ ਭਾਰੀ ਸੰਕਟ ਖੜ੍ਹਾ ਕੀਤਾ ਜਾਵੇ ਪਰ ਉਹਨਾਂ ਦੀ ਸਰਕਾਰ ਨੇ ਇਸ ਸਾਜ਼ਿਸ਼ ਨੂੰ ਸਫਲ ਨਹੀਂ ਹੋਣ ਦਿੱਤਾ।

'ਕੈਨੇਡਾ ਦਰਪਣ' ਦੇ
ਚੰਦੇ ਦਾ ਫ਼ਾਰਮ

SUBSCRIPTION FORM

To

The Canada Darpan
P.O.BOX 265
Surrey, B.C.
Canada, V3T 4W8
Ph. 581-4473

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name...
Address...
City..
Province..
Postal code......................................
PHONE.

One Year	30 dollars
Two Year	55 dollars
Three year	80 dollars
Life membership..........	500 dollars
ASIA..................................	150 dollars[a year]
U.S.A.	35 dollars [a year]
Europe	150 dollars[a year]
Africa	150 dollars [a year]

ਭਜਨ ਲਾਲ ਨੇ ਦੇਵੀ ਲਾਲ ਨੂੰ ਡੇਗਣ ਲਈ ਸਕੀਮ ਬਣਾ ਲਈ

ਅੰਬਾਲਾ — ਕੇਂਦਰੀ ਖੇਤੀਬਾੜੀ ਮੰਤਰੀ ਭਜਨ ਲਾਲ ਨੇ ਕਿਹਾ ਹੈ ਕਿ ਹੜ੍ਹ ਪੀੜਤਾਂ ਲਈ ਦਿੱਤੀ ਗਰਾਂਟ ਦੀ ਦੁਰਵਰਤੋਂ ਕਰਨ ਤੇ ਹਰਿਆਣਾ ਸਰਕਾਰ ਵਿਰੁਧ ਕੇਂਦਰ ਵਲੋਂ ਕਾਰਵਾਈ ਕੀਤੀ ਜਾਵੇਗੀ। ਇਥੇ ਇਕ ਵਿਸ਼ਾਲ ਜਲਸੇ ਨੂੰ ਸੰਬੋਧਨ ਕਰਦਿਆਂ ਚੌਧਰੀ ਭਜਨ ਲਾਲ ਨੇ ਕਿਹਾ ਕਿ ਹਾਲ ਹੀ ਵਿਚ ਪ੍ਰਧਾਨ ਮੰਤਰੀ ਨੇ ਹਰਿਆਣਾ ਦੇ ਹੜ੍ਹ ਪੀੜਤਾਂ ਲਈ 52 ਕਰੋੜ ਰੁਪਏ ਦੀ ਸਹਾਇਤਾ ਭੇਜੀ ਸੀ। ਕੇਂਦਰ ਸਰਕਾਰ ਨੂੰ ਅਜਿਹੀਆਂ ਸ਼ਿਕਾਇਤਾਂ ਮਿਲੀਆਂ ਹਨ ਕਿ ਲੋੜਵੰਦ ਲੋਕਾਂ ਨੂੰ ਇਹ ਗਰਾਂਟ ਵੰਡੀ ਹੀ ਨਹੀਂ ਗਈ।

ਉਹਨਾਂ ਕਿਹਾ ਕਿ ਇਹਨਾਂ ਸ਼ਿਕਾਇਤਾਂ ਦੀ ਪੜਤਾਲ ਕਰਵਾਈ ਜਾਵੇਗੀ ਅਤੇ ਦੋਸ਼ੀ ਸਾਬਤ ਹੋਣ ਤੇ ਰਾਜ ਸਰਕਾਰ ਵਿਰੁਧ ਕਾਰਵਾਈ ਕੀਤੀ ਜਾਵੇਗੀ। ਉਹਨਾਂ ਸਪਸ਼ਟ ਕੀਤਾ ਕਿ ਗਰਾਂਟ ਦੀ ਸਹੀ ਵਰਤੋਂ ਕਰਨ ਵਾਲੀ ਰਾਜ ਸਰਕਾਰ ਕਾਂਗਰਸੀ ਹੋਵੇ ਜਾਂ ਗੈਰ ਕਾਂਗਰਸੀ, ਕੇਂਦਰ ਉਸ ਵਿਰੁਧ ਕਾਰਵਾਈ ਕਰਦਾ ਹੈ।

ਕੇਂਦਰੀ ਖੇਤੀਬਾੜੀ ਮੰਤਰੀ ਨੇ ਚੌਧਰੀ ਦੇਵੀ ਲਾਲ ਦੀ ਪੋਤ ਨੂੰਹ ਸੁਪਰੀਆ ਦੀ ਮੌਤ ਬਾਰੇ ਅਦਾਲਤੀ ਜਾਂਚ ਦੀ ਮੰਗ ਮੁੜ ਦੁਹਰਾਈ ਹੈ। ਉਹਨਾਂ ਕਿਹਾ ਕਿ ਇਕ ਪੰਜ ਮੈਂਬਰੀ ਕਮੇਟੀ ਜਿਸ ਵਿਚ ਤਿੰਨ ਵਿਰੋਧੀ ਧਿਰ ਤੇ ਦੋ ਕਾਂਗਰਸ (ਆਈ) ਦੇ ਮੈਂਬਰ ਹੋਣ ਤੋਂ ਵੀ ਇਸ ਮਾਮਲੇ ਦੀ ਜਾਂਚ ਕਰਵਾਈ ਜਾ ਸਕਦੀ ਹੈ।

ਲੋਕਾਂ ਨੂੰ ਧੋਖਾ ਦਿੱਤਾ

ਚੋਣ ਵਾਹਦਿਆਂ ਦਾ ਜ਼ਿਕਰ ਕਰਦਿਆਂ ਸ੍ਰੀ ਭਜਨ ਲਾਲ ਨੇ ਕਿਹਾ ਕਿ ਚੌਧਰੀ ਦੇਵੀ ਲਾਲ ਨੇ ਕਰਜ਼ੇ ਮਾਫ ਕਰਨ ਦੇ ਝੂਠੇ ਵਾਅਦੇ 'ਤੇ ਚੋਣਾਂ ਜਿੱਤੀਆਂ ਸਨ। ਜੇਕਰ ਇਸ ਤਰ੍ਹਾਂ ਕਰਜ਼ੇ ਮੁਆਫ ਹੋ ਸਕਦੇ ਤਾਂ ਸਭ ਤੋਂ ਪਹਿਲਾਂ ਬੰਸੀ ਲਾਲ ਤੇ ਮੈਂ ਕਰਜ਼ੇ ਮੁਆਫ ਕਰਦੇ। ਲੋਕ ਹੁਣ ਦੇਵੀ ਲਾਲ ਦੀ ਚਾਲ ਸਮਝ ਗਏ ਹਨ। ਇਸੇ ਕਾਰਨ ਉਹ ਹੁਣ ਹਰਿਆਣਾ 'ਚ ਸਾਰੇ ਚੋਣ ਵਾਅਦੇ ਪੂਰੇ ਕਰਨ ਦੀ ਗੱਲ ਨਹੀਂ ਕਰਦੇ। ਉਹਨਾਂ ਦਾਅਵਾ ਕੀਤਾ ਕਿ ਉਹਨਾਂ ਨੇ ਕੇਂਦਰੀ ਖੇਤੀਬਾੜੀ ਮੰਤਰੀ ਬਣਨ ਮਗਰੋਂ ਕੇਂਦਰ ਸਰਕਾਰ ਨੇ ਕਿਸਾਨਾਂ ਨੂੰ 4000 ਕਰੋੜ ਰੁਪਏ ਦੀਆਂ ਰਿਆਇਤਾਂ ਦਿੱਤੀਆਂ ਹਨ ਅਤੇ ਅਗਲੇ ਬਜਟ ਵਿਚ ਹੋਰ ਦਿੱਤੀਆਂ ਜਾਣਗੀਆਂ।

ਪੱਟੀ ਦੇ ਉਪ ਪੁਲੀਸ ਕਪਤਾਨ ਤੇ ਥਾਣੇਦਾਰ ਵਿਰੁਧ ਕੇਸ ਦਰਜ

ਅੰਮ੍ਰਿਤਸਰ — ਤਰਨਤਾਰਨ ਪੁਲੀਸ ਜ਼ਿਲੇ ਦੇ ਸੀਨੀਅਰ ਪੁਲੀਸ ਮੁਖੀ ਸੰਜੀਵ ਗੁਪਤਾ ਨੂੰ ਮਿਲੀ ਇਕ ਸ਼ਿਕਾਇਤ ਦੇ ਆਧਾਰ 'ਤੇ ਪੱਟੀ ਦੇ ਉਪ ਪੁਲੀਸ ਕਪਤਾਨ ਹਰਬੰਸ ਸਿੰਘ ਤੇ ਐਸ. ਐਚ. ਓ. ਕਾਬਲ ਸਿੰਘ ਵਿਰੁੱਧ ਭ੍ਰਿਸ਼ਟਾਚਾਰ ਦਾ ਕੇਸ ਦਰਜ ਕੀਤਾ ਗਿਆ ਹੈ। ਪਤਾ ਲੱਗਾ ਹੈ ਕਿ ਦੋਹਾਂ ਅਧਿਕਾਰੀਆਂ ਨੇ ਪਿੰਡ ਕੈਰੋਂ ਦੇ ਵਸਨੀਕ ਮੋਹਣ ਸਿੰਘ ਤੇ ਉਸ ਦੇ ਭਤੀਜੇ ਪਾਸੋਂ ਕਥਿਤ ਤੌਰ 'ਤੇ 16000 ਰੁਪਏ ਲੈ ਕੇ ਦੋਹਾਂ ਨੂੰ ਛੱਡ ਦਿੱਤਾ। ਦੋਹਾਂ ਵਿਰੁੱਧ ਪੱਟੀ ਥਾਣੇ ਵਿਚ ਭ੍ਰਿਸ਼ਟਾਚਾਰ ਵਿਰੋਧੀ ਕਾਨੂੰਨ ਅਤੇ ਭਾਰਤੀ ਦੰਡ ਵਿਧਾਨ ਦੀ ਧਾਰਾ 161 ਅਧੀਨ ਕੇਸ ਦਰਜ ਕੀਤਾ ਗਿਆ ਹੈ। ਇਸੇ ਮਾਮਲੇ ਦੀ ਜਾਂਚ ਦੇ ਹੁਕਮ ਵੀ ਦਿੱਤੇ ਗਏ ਹਨ।

ਡਾ: ਸੁਰਜੀਤ ਸਿੰਘ ਸੇਠੀ ਨੂੰ ਨੂਰਪੁਰੀ ਪੁਰਸਕਾਰ

ਯੂਬਾ ਸਿਟੀ — ਪੰਜਾਬੀ ਸਾਹਿਤ ਸਭਾ, ਯੂਬਾ ਸਿਟੀ (ਅਮਰੀਕਾ) ਵਲੋਂ ਸਥਾਪਤ ਨੰਦ ਲਾਲ ਨੂਰਪੁਰੀ ਪੁਰਸਕਾਰ 1988 ਲਈ ਪ੍ਰਸਿੱਧ ਨਾਵਲਕਾਰ ਤੇ ਨਾਟਕਕਾਰ ਡਾ: ਸੁਰਜੀਤ ਸਿੰਘ ਸੇਠੀ ਨੂੰ ਦੇਣ ਦਾ ਫੈਸਲਾ ਕੀਤਾ ਗਿਆ ਹੈ। ਇਹ ਪੁਰਸਕਾਰ 22 ਜਨਵਰੀ 1989 ਨੂੰ ਇਥੇ ਇਕ ਸਾਹਿਤਕ ਸਮਾਗਮ ਸਮੇਂ ਦਿੱਤਾ ਜਾਵੇਗਾ।

ਉਸ ਦਿਨ ਹੀ ਅਮਰੀਕਾ ਦੇ ਕਹਾਣੀਕਾਰ ਮਹਿੰਦਰ ਸਿੰਘ ਘੱਗ ਦਾ ਨਵਾਂ ਛਪਿਆ ਕਹਾਣੀ-ਸੰਗ੍ਰਹਿ "ਅਸੀਂ ਵੀ ਕੁਝ ਹਾਂ" ਰੀਲੀਜ਼ ਕਰਨ ਦੀ ਰਸਮ ਹੋਵੇਗੀ।

ਪੰਜਾਬੀ ਸਾਹਿਤ ਸਭਾ, ਯੂਬਾ ਸਿਟੀ ਮੁੜ ਸਰਗਰਮੀ ਵਿਚ ਆ ਗਈ ਹੈ। ਪਿਛਲੇ ਵਰ੍ਹੇ ਇਹ ਇਨਾਮ ਕੈਨੇਡਾ ਦੇ ਪ੍ਰਸਿੱਧ ਕਵੀ ਗੁਰਚਰਨ ਰਾਮਪੁਰੀ ਨੂੰ ਦਿੱਤਾ ਗਿਆ ਸੀ।

ਇਸ ਪ੍ਰੋਗਰਾਮ ਵਿਚ ਕਹਾਣੀਕਾਰ ਰਬਿੰਦਰ ਸਿੰਘ ਅਟਵਾਲ, ਪ੍ਰਸਿੱਧ ਪੱਤਰਕਾਰ ਤੇ ਲੇਖਕ ਜੰਗ ਸਿੰਘ ਗਿਆਨੀ, ਸੁਖਵਿੰਦਰ ਕੰਬੋਜ, ਮਹਿੰਦਰ ਸਿੰਘ ਘੱਗ, ਜੋਗਿੰਦਰ ਸਿੰਘ ਪ੍ਰਦੇਸੀ, ਸੰਤੋਖ ਗਿੱਲ, ਈਸ਼ਰ ਸਿੰਘ ਮੋਮਨ, ਰਤਨ ਸਿੰਘ ਰਾਏ ਤੇ ਤਾਰਾ ਗਿੱਲ ਤੋਂ ਇਲਾਵਾ ਜਸਪਾਲ ਸੂਸ ਵੀ ਇਸ ਸਮਾਗਮ ਵਿਚ ਹਿੱਸਾ ਲੈਣਗੇ।

ਹੋਰ ਜਾਣਕਾਰੀ ਲਈ ਫ਼ੋਨ :

ਜਸਪਾਲ ਸੂਸ
(916) 674-7623
ਮਹਿੰਦਰ ਸਿੰਘ ਘੱਗ
(916) 695-1318

ਦੇਵੀ ਲਾਲ ਵਲੋਂ ਹਾਸ਼ਮੀ ਦੇ ਪਰਿਵਾਰ ਨੂੰ ਮਾਲੀ ਮੱਦਦ

ਨਵੀਂ ਦਿੱਲੀ — ਹਰਿਆਣਾ ਦੇ ਮੁਖ ਮੰਤਰੀ ਦੇਵੀ ਲਾਲ ਨੇ ਰੰਗਮੰਚ ਕਲਾਕਾਰ ਸਫਦਰ ਹਾਸ਼ਮੀ ਦੇ ਪਰਿਵਾਰ ਨੂੰ ਇਕ ਲੱਖ ਰੁਪਏ ਦੀ ਮੱਦਦ ਦੇਣ ਦਾ ਐਲਾਨ ਕੀਤਾ ਹੈ। ਸਫਦਰ ਹਾਸ਼ਮੀ, ਜੋ ਕਿ ਸੀ. ਪੀ. ਐਮ. ਨਾਲ ਸੰਬੰਧਤ ਸੰਗਠਨ ਜਨ ਨਾਟਿਆ ਸੰਘ ਦਾ ਸਰਗਰਮ ਕਾਰਕੁਨ ਸੀ, ਪਿਛਲੇ ਦਿਨੀਂ ਉਤਰ ਪ੍ਰਦੇਸ਼ ਦੇ ਸਨਅਤੀ ਨਗਰ ਸਾਹਿਬਾਬਾਦ ਵਿਚ ਇਕ ਨੁੱਕੜ-ਨਾਟਕ ਖੇਡਦਿਆਂ ਇਕ ਕਾਂਗਰਸੀ ਨੇਤਾ ਦੇ ਸਮਰਥਕਾਂ ਹੱਥੋਂ ਮਾਰਿਆ ਗਿਆ ਸੀ।

The
Canada Darpan
P.O.BOX 265
SURREY, B.C. V3T 4W8

ਲੋਕ-ਬਾਣੀ

ਫਿਰਕੂ ਦੰਗੇ ਤੇ ਸਰਕਾਰ

ਭਾਰਤ ਦੇ ਵੱਖ ਵੱਖ ਸੂਬਿਆਂ ਵਿਚ ਵੱਖ ਵੱਖ ਬੋਲੀਆਂ, ਸਭਿਆਚਾਰਾਂ ਅਤੇ ਮਜ਼ਬਾਂ ਕਾਰਨ ਆਏ ਦਿਨ ਫਿਰਕੂ ਦੰਗੇ ਭੜਕਦੇ ਹਨ। ਇਹ ਨਹੀਂ ਕਿ ਇਹ ਸਮੱਸਿਆ ਕੇਵਲ ਭਾਰਤ ਤੱਕ ਹੀ ਸੀਮਤ ਹੈ ਸਗੋਂ ਇਕ ਮਜ਼ਬ ਵਾਲੇ ਦੇਸ਼ਾਂ — ਪਾਕਿਸਤਾਨ, ਈਰਾਨ ਤੇ ਇਥੋਂ ਤੱਕ ਕਿ ਇਜ਼ਰਾਈਲ ਵਰਗੇ ਦੇਸ਼ਾਂ ਵਿਚ ਵੀ ਇਹ ਦੰਗੇ ਹੁੰਦੇ ਰਹਿੰਦੇ ਹਨ। ਹਰ ਮਸਲੇ ਦੀ ਜੜ੍ਹ ਅਸਲ ਵਿਚ ਆਰਥਿਕਤਾ ਹੁੰਦੀ ਹੈ। "ਤੀਜੀ ਦੁਨੀਆਂ" ਦੇ ਦੇਸ਼ਾਂ ਵਿਚ ਜਿਥੇ ਗਰੀਬੀ, ਜਹਾਲਤ, ਅਨਪੜ੍ਹਤਾ, ਭ੍ਰਿਸ਼ਟਾਚਾਰ ਵਰਗੀਆਂ ਬੀਮਾਰੀਆਂ ਹਨ — ਉਥੇ ਇਹ ਵੱਡੇ ਪੈਮਾਨੇ ਉਤੇ ਫੈਲ ਰਹੀ ਹੈ ਜਦ ਕਿ ਆਰਥਿਕ ਤੌਰ ਉਤੇ ਖੁਸ਼ਹਾਲ ਦੇਸ਼ਾਂ ਵਿਚ ਇਹ ਝਗੜੇ ਸੂਖਮ ਪੱਧਰ ਉਤੇ ਚਲਦੇ ਹਨ। ਅਮਰੀਕਾ, ਦੱਖਣੀ ਅਫਰੀਕਾ ਆਦਿ ਵਿਚ ਕਾਲਿਆਂ ਅਤੇ ਗੋਰਿਆਂ ਵਿਚਕਾਰ ਇਹ ਸਦੀਵੀ ਜੰਗ ਦਾ ਰੂਪ ਧਾਰੀ ਬੈਠੇ ਹਨ ਜਦਕਿ ਕੈਨੇਡਾ, ਇੰਗਲੈਂਡ ਆਦਿ ਵਰਗੇ ਦੇਸ਼ਾਂ ਵਿਚ ਇਹ ਹਿੰਸਕ ਹੋਣ ਦੀ ਥਾਂ ਬਹੁਤੇ ਸੂਖਮ ਪੱਧਰ ਉਤੇ ਵਿਤਕਰੇ ਦੇ ਰੂਪ ਵਿਚ ਫੈਲਦੇ ਹਨ।

ਭਾਰਤ ਵਿਚ ਸਰਮਾਏਦਾਰੀ ਅਜੇ ਪੂਰੀ ਤਰ੍ਹਾਂ ਵਿਗਸਤ ਨਹੀਂ ਹੋਈ ਉਥੇ ਸਰਮਾਏਦਾਰੀ ਦੀ ਛਾਂ ਥੱਲੇ ਪਲ ਰਹੇ ਸਿਆਸੀ ਲੀਡਰ ਇਨ੍ਹਾਂ ਦੰਗਿਆਂ ਨੂੰ ਹਵਾ ਦੇ ਕੇ ਰਾਜਸੀ ਲਾਭਾਂ ਦੀ ਪ੍ਰਾਪਤੀ ਦੀ ਲਾਲਸਾ ਅਧੀਨ ਇਨ੍ਹਾਂ ਦੰਗਿਆਂ ਦੀ ਭੜਕਾਹਟ ਦਾ ਕਾਰਨ ਬਣਦੇ ਹਨ। ਹਿੰਦੂ-ਮੁਸਲਿਮ ਫਸਾਦ ਅਕਸਰ ਹਰ ਵਰ੍ਹੇ ਛਿਮਾਹੀ ਇਨ੍ਹਾਂ ਸਿਆਸੀ ਲੀਡਰਾਂ ਦੀਆਂ ਕਰਤੂਤਾਂ ਕਾਰਨ ਭੜਕਦੇ ਹਨ। ਲੱਖਾਂ ਲੋਕ ਹਰ ਸਾਲ ਬੇਘਰ ਹੁੰਦੇ ਹਨ, ਦੁਕਾਨਾਂ ਸਾੜੀਆਂ ਜਾਂਦੀਆਂ ਹਨ, ਮੰਦਰਾਂ, ਮਸਜਿਦਾਂ ਨੂੰ ਅੱਗਾਂ ਲੱਗ ਦੀਆਂ ਹਨ।

ਪੰਜਾਬ ਵਿਚ ਵੀ ਇਨ੍ਹਾਂ ਸਿਆਸੀ ਲੀਡਰਾਂ ਨੇ ਬੇਸ਼ਕ ਕੋਈ ਕਸਰ ਨਹੀਂ ਛੱਡੀ ਕਿ ਹਿੰਦੂ-ਸਿੱਖ ਫਸਾਦ ਹੋਣ ਪਰ ਸਭਿਆਚਾਰਕ ਸਾਂਝਾਂ ਏਨੀਆਂ ਮਜ਼ਬੂਤ ਹਨ ਕਿ ਸਿਆਸੀ ਲੀਡਰਾਂ ਦੀ ਦਾਲ ਨਹੀਂ ਗਲ ਰਹੀ। ਇਹ ਸਿਆਸੀ ਲੀਡਰ ਸਿੱਖ ਜਥੇਬੰਦੀਆਂ ਵਿਚ ਵੀ ਹਨ ਅਤੇ ਕਾਂਗਰਸ ਵਿਚ ਵੀ। ਪੰਜਾਬ ਦਾ ਮਸਲਾ ਕਦੇ ਏਨਾ ਗੰਭੀਰ ਨਹੀਂ ਸੀ ਹੋਣਾ ਜੇ ਦੋਵਾਂ ਪਾਸਿਆਂ ਦੇ ਸਿਆਸੀ ਲੀਡਰ ਇਸ ਰੱਸਾ-ਕਸ਼ੀ ਵਿਚ ਨਾ ਜੁਟਦੇ। ਦਹਿਸ਼ਤਗਰਦੀ ਦਾ ਪਾਲਣ ਪੋਸਣ ਵੀ ਇਹ ਦੋਵਾਂ ਧਿਰਾਂ ਦੇ ਲੀਡਰ ਕਰ ਰਹੇ ਹਨ। ਕੋਈ ਦਹਿਸ਼ਤਗਰਦ ਲੀਡਰ — ਇਕ ਸਿਆਸੀ ਲੀਡਰ ਦੀ ਸ਼ਰਨ ਹੇਠ ਹੈ, ਦੂਜਾ ਦਹਿਸ਼ਤਗਰਦ ਵਿਰੋਧੀ ਸਿਆਸੀ ਲੀਡਰ ਦੇ ਘਰ ਰਹਿੰਦਾ ਹੈ।

ਇਨ੍ਹਾਂ ਸਿਆਸੀ ਲੀਡਰਾਂ ਦੀਆਂ ਕਲਾਬਾਜ਼ੀਆਂ ਕਾਰਨ ਪਿਛਲੇ ਛੇ ਸਾਲ ਤੋਂ ਪੰਜਾਬ ਦੇ ਲੋਕ ਸੰਤਾਪ ਭੋਗ ਰਹੇ ਹਨ। ਹਜ਼ਾਰਾਂ ਜਾਨਾਂ ਅੰਜਾਈਂ ਚਲੀਆਂ ਗਈਆਂ ਹਨ। ਨਾ ਕੇਂਦਰ ਸਰਕਾਰ ਦੇ ਲੀਡਰਾਂ ਦੇ ਸਿਰ ਜੂੰ ਸਰਕਦੀ ਹੈ ਨਾ ਪੰਜਾਬ ਦੇ ਇਹ ਅਖੌਤੀ ਲੀਡਰ ਗੱਲ ਨੂੰ ਕਿਸੇ ਸਿਰੇ ਲਾਉਂਦੇ ਹਨ। ਜੰਮੂ-ਕਸ਼ਮੀਰ ਵਿਚ ਜੋ ਪਿਛਲੇ ਦਿਨੀਂ ਘਟਨਾਵਾਂ ਹੋਈਆਂ ਹਨ — ਉਹ ਇਨ੍ਹਾਂ ਦੀ ਦੋਗਲੀ ਨੀਤੀ ਦੇ ਕਾਰਨ ਹੀ ਹਨ।

ਜੇ ਪੰਜਾਬ ਵਿਚ ਇਹ ਚਾਲ ਕੇਂਦਰੀ ਲੀਡਰਾਂ ਅਤੇ ਸੂਬੇ ਦੇ ਲੀਡਰਾਂ ਨੇ ਬੰਦ ਨਾ ਕੀਤੀ ਤਾਂ ਇਸਦੇ ਸਿੱਟੇ ਸਮੁੱਚੇ ਦੇਸ਼ ਲਈ ਭਿਆਨਕ ਹਨ!

ਪਿਆਰੇ ਸੰਪਾਦਕ ਜੀ,

ਮੈਨੂੰ ਪੂਰਨ ਅਹਿਸਾਸ ਹੈ ਕਿ 'ਕੈਨੇਡਾ ਦਰਪਣ' ਪੱਤਰਕਾਰੀ ਦੇ ਖੇਤਰ ਵਿਚ ਪਾਠਕਾਂ, ਲੇਖਕਾਂ ਤੇ ਆਲੋਚਕਾਂ ਦੇ ਤਿਕੋਨੇ ਵਾਰਤਾਲਾਪ ਲਈ ਪਲੇਟਫਾਰਮ ਮੁਹਈਆ ਕਰਨ ਦਾ ਕਠਨ ਤੇ ਅਕਸਰ ਧਨਵਾਦ-ਰਹਿਤ ਕਰਤੱਵ ਨਿਭਾਉਂਦਾ ਆ ਰਿਹਾ ਹੈ ਤੇ ਇਸ ਸੁਸਥ ਤੇ ਬਹੁ-ਮੁੱਲੀ ਪ੍ਰਥਾ ਨੂੰ ਬਰਕਰਾਰ ਰੱਖਣਾ ਸਾਹਿਤ ਤੇ ਸਮਾਜ ਦੇ ਇਸ ਤਿਕੋਨੇ ਤਵਾਜ਼ਨ ਲਈ ਜ਼ਰੂਰ ਵੀ ਹੈ; ਇਸੇ ਅਹਿਸਾਸ ਤੇ ਵਿਸ਼ਵਾਸ਼ ਦੀ ਲੋਅ ਵਿਚ ਰਘੁਬੀਰ ਢੰਡ ਦੇ ਸਫਰਨਾਮੇ ਬਾਰੇ ਇਕ ਮੁੱਲਾਂਕਣ ਇਸ ਪੱਤਰ ਦੇ ਨਾਲ ਭੇਜ ਰਿਹਾ ਹਾਂ। ਇਸ ਦਾ ਮੰਤਵ ਲੇਖਕ ਦੀ ਨੁਕਤਾਚੀਨੀ ਕਰਨਾ ਨਹੀਂ ਸਗੋਂ ਪ੍ਰਸ਼ਨ-ਅਧੀਨ ਲਿਖਤ ਤੋਂ ਧੂੜ ਹਟਾ ਕੇ ਤੇ ਉਚਿਤ ਸੰਦਰਭ ਵਿਚ ਰੱਖ ਕੇ ਸਮਾਲੋਚਨਾ ਪੇਸ਼ ਕਰਨਾ ਹੈ।

ਮੇਰੀ ਹੱਥ ਲਿਖਤ ਪੜ੍ਹਨ ਵਿਚ ਤੁਹਾਡੇ ਛਾਪਕਾਂ ਨੂੰ ਕਾਫੀ ਕਠਨਾਈ ਆਉਂਦੀ ਹੋਣੀ ਹੈ। ਮੈਂ ਇਸ ਦਾ ਇਕਬਾਲ ਕਰਦਾ ਹਾਂ ਕਿਉਂਕਿ ਇਸ ਦੀ ਪੜ੍ਹਾਈ ਕਈ ਵਾਰੀ ਬਦੇਸ਼ੀ ਲਿੱਪੀ ਦੇ ਭੇਦ ਖੋਲਨ ਦੇ ਬਰਾਬਰ ਮਿਹਨਤ ਮੰਗਦੀ ਹੈ; ਇਸ ਖੇਚਲ ਲਈ ਮੈਂ ਖਿਮਾ ਦਾ ਜਾਚਕ ਹਾਂ।

ਧੰਨਵਾਦ ਸਹਿਤ

ਸ਼ੁਭ ਇਛਕ
ਬਲਰਾਜ ਚੀਮਾ

ਰਘੁਬੀਰ ਢੰਡ ਦਾ ਸਫਰਨਾਮਾ

ਬਲਰਾਜ ਚੀਮਾ

ਜਿੰਨਾ ਸਮਾਂ ਤੇ ਸਿਰੜ "ਵੈਨਕੂਵਰ ਵਿਚ 21 ਦਿਨ" ਨੂੰ ਨੇਪਰੇ ਚਾੜ੍ਹਨ ਲਈ ਸਰਫ ਕੀਤਾ ਗਿਆ ਹੈ ਉਸ ਲਈ ਢੰਡ ਅਵੱਸ਼ ਹੀ ਸਾਧਾਰਨ ਪਾਠਕ ਦੀ ਪ੍ਰਸੰਸਾ ਦਾ ਪਾਤਰ ਹੈ। ਇਸ ਲਿਖਤ ਦੇ ਕਲਾਤਮਿਕ ਨਿਭਾਅ ਤੇ ਵਿਸ਼ੇ-ਵਸਤੂ ਬਾਰੇ ਸ਼ਾਇਦ ਕਾਫੀ ਕੁਝ ਲਿਖਿਆ ਜਾਵੇਗਾ ਪਰ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਹ ਲਿਖਤ ਢੰਡ ਦੀ ਲੰਮੀ ਘਾਲਣਾ ਦਾ ਸਿੱਟਾ ਹੈ ਤੇ ਇਸ ਪੱਖੋਂ ਸ਼ਲਾਘਾ ਦਾ ਹੱਕਦਾਰ ਹੈ।

ਪਹਿਲੀਆਂ ਇੱਕ ਦੋ ਕਿਸ਼ਤਾਂ ਪੜ੍ਹਨ ਪਿਛੋਂ ਜ਼ੋਰਦਾਰ ਇੱਛਾ ਉਠੀ ਸੀ ਕਿ ਇਸ ਬਾਰੇ ਆਪਣੇ ਵਿਚਾਰ ਅੰਕਤ ਕਰਾਂ ਪਰ ਇਹ ਸੋਚ ਕੇ ਕਿ ਸਮੇਂ ਤੋਂ ਅਗੇਤਰੇ ਹੀ ਲਿਖਣ ਨਾਲ ਲੇਖਕ ਤੇ ਲਿਖਤ ਨਾਲ ਅਧਿਕ ਅਨਿਆਂ ਹੋਵੇਗਾ ਅਤੇ ਇਸ ਡਰ ਤੋਂ ਕਿ ਇਸ ਤਰ੍ਹਾਂ ਲਿਖ ਕੇ ਮੈਂ ਆਪਣੇ ਵਿਰੁਧ ਕਈ ਪ੍ਰਸ਼ਨਾਂ ਦੇ ਦਵਾਰ ਖੋਲ੍ਹ ਰਿਹਾ ਹੋਵਾਂਗਾ, ਮੈਂ ਲਿਖਣ ਤੋਂ ਸੰਕੋਚ ਕੀਤਾ; ਪਰ ਹੁਣ ਢੰਡ ਨੇ ਆਪ ਹੀ ਵਿਚਾਰ ਮੰਗੇ ਹਨ, ਇਸ ਲਈ ਨਿਰਪੱਖ ਮੁੱਲਾਂਕਣ ਦੇਣ ਦਾ ਯਤਨ ਕਰਦਾ ਹਾਂ।

ਪੰਜਾਬੀ ਭਾਸ਼ਾ ਤੇ ਗੁਰਮੁਖੀ ਅੱਖਰਾਂ ਵਿਚ ਲਿਖੀ ਹਰ ਲਿਖਤ ਸਾਹਿਤਕ ਨਹੀਂ ਬਣ ਜਾਂਦੀ; ਉਸ ਲਈ ਕੁਝ ਬੁਨਿਆਦੀ ਤੇ ਆਵੱਸ਼ਕ ਮੰਗਾਂ ਪੂਰੀਆਂ ਕਰਨੀਆਂ ਜ਼ਰੂਰੀ ਹੁੰਦੀਆਂ ਹਨ। "ਵੈਨਕੂਵਰ ਵਿਚ 21 ਦਿਨ" ਨਾਂ ਥੱਲੇ ਰਵਾਇਤੀ ਜਾਂ ਗੈਰ-ਰਵਾਇਤੀ ਨਜ਼ਰੀਏ ਤੋਂ ਸਫਰਨਾਮਾ ਲਿਖ ਕੇ ਪਾਠਕਾਂ ਨੂੰ ਕਿੰਨੀ ਕੁ ਜਾਣਕਾਰੀ ਦਿੱਤੀ ਗਈ ਹੈ ਜਾਂ ਉਸ ਦੇ ਅਨੁਭਵ ਵਿਚ ਕਿੰਨਾ ਕੁ ਵਾਧਾ ਕੀਤਾ ਗਿਆ ਹੈ? ਨਿਸਚੇ ਨਾਲ ਕਹਿਣਾ ਕਠਨ ਹੈ। ਪਰ ਨਿਸਚੇ ਨਾਲ ਇਹ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਲੇਖਕ ਨੇ ਆਪਣੀ ਹਉਮੈ ਦੇ ਵਿਸ਼ਾਲ ਭੂ-ਮੰਡਲ ਦੀ ਸਫਲ ਯਾਤਰਾ ਜ਼ਰੂਰ ਕਰਵਾਈ ਹੈ।

ਹੁਣ ਤਕ ਪੜ੍ਹੇ ਸਫਰਨਾਮਿਆਂ ਦੇ ਆਧਾਰ ਤੇ ਆਸ ਕੀਤੀ ਜਾਂਦੀ ਸੀ ਕਿ ਇਹ ਸਫਰਨਾਮਾ, ਜਿਸ ਨੂੰ ਵਿਸ਼ੇ-ਵਸਤੂ ਤੇ ਵਿਧੀ ਦੇ ਪੱਖ ਤੋਂ ਵਡਿਆਈ ਹੋਈ "ਨਿੱਜੀ ਡਾਇਰੀ" ਕਹਿਣਾ ਉਚਿਤ ਹੋਵੇਗਾ, ਇਕ ਪਾਸੇ ਯੂਰਪ ਤੇ ਇੰਗਲੈਂਡ ਤੇ ਦੂਜੇ ਪਾਸੇ ਉਤਰੀ ਅਮਰੀਕਾ ਤੇ ਕੈਨੇਡਾ — ਇਨ੍ਹਾਂ ਦੋਹਾਂ ਧਰਤੀਆਂ, ਇਨ੍ਹਾਂ ਦੇ ਲੋਕਾਂ, ਉਨ੍ਹਾਂ ਦੀ ਜੀਵਣ ਜਾਚ, ਰਹਿਣ ਸਹਿਣ, ਢੰਗ, ਸੁਆਦ, ਸਮਾਜਕ, ਵਿਵਹਾਰਿਕ ਤੇ ਆਰਥਿਕ ਆਦਿਕ ਦ੍ਰਿਸ਼ਟੀਕੋਨਾਂ ਦੇ ਮੇਲਾਂ ਜਾਂ ਅਮੇਲਾਂ ਉਤੇ ਵਿਸ਼ਲੇਸ਼ਨਾਤਮਿਕ, ਵਿਦਵਤਾ ਤੇ ਵਿਵੇਕਪੂਰਨ ਰੌਸ਼ਨੀ ਪਾਈ ਜਾਵੇਗੀ ਪਰ ਕੁਝ ਇਕ ਨੁਕਤਿਆਂ ਤੋਂ ਬਿਨਾਂ ਅਜਿਹੀ ਆਸ ਦੀ ਪੂਰਤੀ ਦਾ ਅਭਾਵ ਮਹਿਸੂਸ ਹੁੰਦਾ ਹੈ। ਸਫਰਨਾਮੇ ਦਾ ਸੰਕਲਪ ਤੇ ਉਸ ਰਾਹੀਂ ਪੇਸ਼ ਕੀਤੇ ਜਾਂਦੇ ਅਧਐਨ ਦਾ ਮਿਆਰ ਦੋਵੇਂ ਇਸ ਲਿਖਤ ਵਿਚ ਉਪਲੱਭਦ ਨਹੀਂ।

ਅਕਸਰ ਸੂਝਵਾਨ ਕਲਾਕਾਰ ਆਪਣੀ ਸਾਧਨਾ ਦੇ ਸਿਖਰ ਤੇ ਪਹੁੰਚਣ ਤਕ ਜਾਂ ਪਹੁੰਚ ਕੇ ਇਕ ਤਰ੍ਹਾਂ ਦਾ ਪ੍ਰਕਾਸ਼ ਜਾਂ ਝਲਕ ਜਾਂ ਅਜਿਹਾ ਪ੍ਰਭਾਵ ਪੇਸ਼ ਕਰ ਜਾਂਦਾ ਹੈ ਜਿਸ ਦਾ ਅਨੂੱਠਾ ਸੁਆਦ ਗ੍ਰਹਿਣ ਕਰ ਕੇ ਪਾਠਕ ਲੇਖਕ ਤੋਂ ਵਦਾਇਗੀ ਲੈ ਲੈਂਦਾ ਹੈ ਜਾਂ ਲੇਖਕ ਪਾਠਕ ਤੋਂ। ਪਰ ਸਹੁਜ ਦੀ ਇਹ ਉਚਤਮ ਮੰਗ ਢੰਡ ਦੀਆਂ ਸਾਰੀਆਂ ਕਿਸ਼ਤਾਂ ਦੀ ਪੜ੍ਹਨ-ਪ੍ਰੀਖਿਆ ਤੇ ਅੰਤਲੀ ਕਿਸ਼ਤ ਤਕ ਪੂਰੀ ਨਹੀਂ ਹੁੰਦੀ। ਸਫਰਨਾਮਾ ਪੂਰਨ ਹੋ ਜਾਂਦਾ ਹੈ ਪਰ ਪਾਠਕ ਦੀ ਭੁੱਖ ਅਪੂਰਤ ਰਹਿ ਜਾਂਦੀ ਹੈ।

ਸਫ਼ਰਨਾਮੇ ਦੀ ਪਰਿਭਾਸ਼ਾ ਵਿਚ ਕਿਤੇ ਵੀ ਇਸ ਗੱਲ ਉਤੇ ਜ਼ੋਰ ਨਹੀਂ ਦਿੱਤਾ ਗਿਆ ਕਿ ਸਫਰਨਾਮਾ ਲੰਮਾ ਤੇ ਪੁਸਤਕ ਆਕਾਰ ਦਾ ਹੋਣਾ ਚਾਹੀਦਾ ਹੈ। ਇਸ ਦੇ ਉਲਟ ਸਫਰਨਾਮੇ ਵਿਚ ਇਕ ਵਿਸ਼ੇਸ਼ ਤੇ ਵਿਸ਼ਲੇਸ਼ਨਾਤਮਿਕ ਦ੍ਰਿਸ਼ਟੀ, ਨਿਰੰਤਰ ਰੌਚਕਤਾ, ਸੁਹਜ, ਸੁਆਦ (ਕੇਵਲ ਪਰੌਂਠਿਆਂ ਦਾ ਨਹੀਂ) ਵਰਨਣ ਦੀ ਰਵਾਨਗੀ ਹੁੰਦੀ ਹੈ ਜੋ ਪਾਠਕ ਨੂੰ ਪੜ੍ਹਨ ਪ੍ਰੀਖਿਆ ਦੀ ਥਾਂ ਪੜ੍ਹਨ-ਆਕਰਸ਼ਣ ਵੱਲ ਲਿਜਾਂਦੀ ਹੈ। ਸਫਲ ਸਫਰਨਾਮੇ ਦਾ ਕੁੰਜੀਵੰਤ ਲੱਛਣ ਇਹ ਹੁੰਦਾ ਹੈ ਕਿ ਲੇਖਕ ਜਿਸ ਧਰਤੀ ਤੇ ਲੋਕਾਂ ਦੀ ਕਲਚਰ ਤੇ ਕੀਮਤਾਂ ਅਤੇ ਉਨ੍ਹਾਂ ਦੇ ਰੰਗਾਂ ਢੰਗਾਂ ਬਾਰੇ ਲਿਖ ਰਿਹਾ ਹੋਵੇ ਉਨ੍ਹਾਂ ਬਾਰੇ ਅਰਥਪੂਰਨ ਸਿੱਟੇ, ਤੁਲਨਾਵਾਂ ਜਾਂ ਜਾਇਜ਼ੇ ਪਾਠਕ ਤਕ ਉਸੇ ਤਰ੍ਹਾਂ ਪਹੁੰਚਾਵੇ ਜਿਵੇਂ ਪਾਠਕ ਨੇ ਪਹਿਲਾਂ ਕਦੇ ਅਨੁਭਵ ਨਾ ਕੀਤੇ ਹੋਣ। ਇਸੇ ਤਰ੍ਹਾਂ ਸੁਚੱਜੇ ਸਫਰਨਾਮੇ ਵਿਚ ਬੇਅਰਥ, ਬੇਲੋੜੇ, ਅਤਿ-ਸਾਧਾਰਣ ਤੇ ਨਿਰੋਲ ਨਿੱਜੀ ਨਿਤਾਪ੍ਰਤੀ ਤੇ ਵਿਵਹਾਰਕ ਵਰਨਣ ਤੇ ਵੇਰਵਿਆਂ ਲਈ ਉਕਾ ਹੀ ਥਾਂ ਨਹੀਂ ਹੁੰਦੀ। ਜੇ ਕਰ ਢੰਡ ਦੀ ਨਿੱਜੀ ਡਾਇਰੀ (ਜਿਸ ਨੂੰ "ਸਫਰਨਾਮਾ" ਕਹਿਣ ਦਾ ਦਾਅਵਾ ਕੀਤਾ ਗਿਆ ਹੈ) ਨੂੰ ਪੜਚੋਲੀਏ ਤਾਂ ਵੇਖਦੇ ਹਾਂ ਕਿ ਇਸ ਵਿਚ ਉਕਤ ਸਿਧਾਤਾਂ ਦੇ ਬੇਤਰਸੀ ਉਲੰਘਣਾ ਕੀਤੀ ਗਈ ਹੈ। ਨਿਸਚੇ ਹੀ ਪਾਰਖੂ ਪਾਠਕ ਕਿਸੇ ਲੇਖਕ ਦੀਆਂ ਨਿਤਾਪ੍ਰਤੀ ਕਿਰਿਆਵਾਂ ਤੇ ਪਰਿਕਿਰਿਆਵਾਂ ਵਿਚ ਦਿਲਚਸਪੀ ਨਹੀਂ ਰਖਦਾ। ਸਫਲ ਸਫਰਨਾਮਾ ਲਿਖਣ ਵਾਲੀ ਅੱਖ ਵਿਸ਼ੇਸ਼ ਤੇ ਵਿਸ਼ਾਲ ਹੁੰਦੀ ਹੈ ਜੋ ਆਮ ਤੋਂ ਉਪਰ ਉਠ ਕੇ ਰੂਪਾਂ ਤੇ ਰਿਸ਼ਤਿਆਂ ਨੂੰ ਵਿਵੇਕ ਤੇ ਅਰਥਪੂਰਵਕ ਦ੍ਰਿਸ਼ਟੀ ਨਾਲ ਉਲੀਕਦੀ ਹੈ।

ਇਸ ਡਾਇਰੀ ਨੂੰ ਪਰੌਂਠਾਨਾਮਾ ਕਹਿਣਾ ਇਕ ਅਤਿਕਥਨੀ ਹੈ ਪਰ ਇਹ ਅਤਿਕਥਨੀ ਢੁਕਵੀ ਜ਼ਰੂਰ ਹੈ ਕਿਉਂਕਿ ਢੰਡ ਪਰਿਵਾਰ ਇਨ੍ਹਾਂ ਕਿਸ਼ਤਾਂ ਵਿਚ ਸਫਰ ਦੀ ਥਾਂ ਕਾਰ ਉਤੇ ਚੜ੍ਹ ਇਕ ਘਰ ਤੋਂ ਦੂਜੇ ਤੇ ਫਿਰ ਅੱਗੇ, ਰੋਟੀ, ਪਰੋਂਠਿਆਂ, ਭੁਰਜੀ, ਖਾਣਿਆਂ, ਨਿੱਘੇ ਸੁਆਗਤਾਂ, ਆਦਰ ਮਾਣ ਤੇ ਸ਼ਰਧਾ ਦੇ ਸੀਮਤ ਦਾਇਰੇ ਤੋਂ ਬਾਹਰ ਨਹੀਂ ਨਿਕਲ ਸਕਿਆ। ਹੋ ਸਕਦਾ ਹੈ ਢੰਡ ਨੂੰ ਪਰੌਂਠਿਆਂ ਦਾ ਬਹੁਤ ਸੁਆਦ ਆਇਆ ਹੋਵੇ ਪਰ ਉਹ ਆਪਣੇ ਪਾਠਕਾਂ ਨੂੰ ਸੁਹਜ-ਸੁਆਦ ਤੋਂ ਭੁੱਖਾ ਰੱਖ ਗਿਆ ਹੈ। ਇਹ ਹੀ ਕਾਰਨ ਹੈ ਕਿ ਪੜ੍ਹਨ ਵਾਲੇ ਨੂੰ ਹਉਮੈ ਯਾਤਰਾ ਵਿਚ ਦਾਅਵਤਾਂ, ਸੱਦਿਆਂ, ਮਹਿਮਾਨਨਵਾਜ਼ੀ, ਆਦਰ ਮਾਣ ਤੇ ਸਵੈਮਾਨ ਦੇ ਹਵਾਲੇ ਪੜ੍ਹਦਿਆਂ ਅਕਸਰ ਤੇ ਅਨੁਚਿਤ ਬਣ ਕੇ ਰੜਕਦੇ ਹਨ

ਢੰਡ ਆਪਣੇ ਆਪ ਨੂੰ ਇਕ ਸਮਝਦਾਰ, ਅਗਾਂਹਵਧੂ ਸੁਤੰਤਰ ਤੇ ਨਿਝਕ ਕਲਾਕਾਰ ਦੇ ਬਿੰਬ ਵਿਚ ਪੇਸ਼ ਕਰਨ ਦਾ ਯਤਨ ਕਰਦਾ ਹੈ; ਪਰ ਲਿਖਤ ਅੰਦਰਲੇ ਤੱਥ ਤੇ ਤੱਤ ਉਸ ਦੇ ਵਿਪ੍ਰੀਤ ਰੰਗ ਉਜਾਗਰ ਕਰਦੇ ਹਨ। ਅਕਸਰ ਉਹ ਸਿੱਧੇ ਤੇ ਕਿਤੇ ਕਿਤੇ ਕਲਾਤਮਿਕ ਢੰਗ ਨਾਲ ਆਪਣੇ ਅਮੀਰ ਤੇ ਦਾਨੀ ਹੋਣ ਦਾ ਦਾਅਵਾ ਕਰ ਜਾਂਦਾ ਹੈ। "ਮੈਂ ਤੇ ਮੇਰਾ ਪਰਿਵਾਰ ਵੀਹ ਪੌਂਡ ਮਹੀਨਾ ਪਾਰਟੀ ਨੂੰ ਭੇਂਟ ਕਰਦੇ ਹਾਂ" ਇਸ ਪ੍ਹੈਰੇ ਵਿਚ ਅਗੇ ਲਿਖਿਆ ਹੈ, "ਜਦੋਂ ਸਾਡੀ ਲੜਕੀ ਅੰਜੁਮ ਐਮ. ਬੀ. ਬੀ. ਐਸ. ਵਿਚੋਂ ਪਾਸ ਹੋਈ ਤਾਂ ਉਸ ਨੇ ਪੌਂਡ ਪਾਰਟੀ ਲਈ ਦਾਨ ਕੀਤੇ" ਇਸ ਪੈਰੇ ਦੇ ਅੰਤ ਤੇ ਅਗਲੇ ਦੇ ਸ਼ੁਰੂ ਕਰਨ ਤੋਂ ਪਹਿਲਾਂ ਅੰਕਤ ਹੈ "ਮੀਟਿੰਗ ਖਤਮ ਹੋਈ ਤੇ ਮੈਂ ਗਿਆਰਾਂ ਡਾਲਰ ਪਾਰਟੀ ਸਭਾ ਨੂੰ ਭੇਂਟ ਕੀਤੇ।" ਉਦਾਹਰਣਾਂ ਤਾਂ ਕਈ ਦਿੱਤੀਆਂ ਜਾ ਸਕਦੀਆਂ ਹਨ ਮੈਂ ਅੰਤਮ ਕਿਸ਼ਤ ਵਿਚੋਂ ਇਕ ਟੂਕ ਦੇ ਕੇ ਅਗੇ ਚਲਦਾ ਹਾਂ "ਉਸ ਨੇ ਸਾਨੂੰ ਕੋਈ ਪੈਸਾ ਨਹੀਂ ਖਰਚਣ ਦਿੱਤਾ ਹਾਲਾਂਕਿ ਅਸੀਂ ਖਰਚਣਾ ਚਾਹੁੰਦੇ ਸਾਂ ਤੇ ਸਾਡੇ ਕੋਲ ਪੈਸੇ ਵੀ ਬਥੇਰੇ ਸਨ।"

→

ਇਨ੍ਹਾਂ ਕਿਸ਼ਤਾਂ ਦਾ ਲੇਖਕ ਆਪਣੇ ਸਾਹਿਤਕ ਵਿਅਕਤਤੁਵ ਤੇ ਆਕਾਰ ਦੇ ਬਿੰਬ ਨੂੰ ਉਚਿਆਉਣ ਤੇ ਉਜਾਗਰ ਕਰਨ ਦੀ ਗਰਮੀ ਵਿਚ ਸ੍ਵੈ-ਵਿਰੋਧ ਕਰਨ ਦੀ ਭੁੱਲ ਵੀ ਕਰ ਜਾਂਦਾ ਹੈ। ਅੰਤਮ ਕਿਸ਼ਤ ਵਿਚ ਇਕ ਪਾਸੇ ਉਹ ਕਹਿੰਦਾ ਹੈ ਕਿ ਉਸ ਦਾ ਕਿਰਦਾਰ ਕਿਰਸਾਨੀ ਹੈ ਪਰ ਪਤਾ ਲਗਣਾ ਔਖਾ ਹੈ ਕਿ ਇਹ ਕਿਰਦਾਰ ਡੇਅਰੀ ਕੁਈਨ ਦੇ ਮਿਲਕਸ਼ੇਕ ਵਾਰ ਵਾਰ ਪੀਣ ਨਾਲ ਕਿਵੇਂ ਮੇਲ ਖਾਂਦੀ ਹੈ। ਇਵੇਂ ਹੀ ਦਮੇਂ ਦੇ ਬੀਮਾਰ ਉਤੇ ਲਾਗੂ ਖਾਣ ਪੀਣ ਦੇ ਸੰਜਮ ਵਿਚ ਪਰੌਂਠਿਆਂ ਨੂੰ ਫਿੱਟ ਕਰਨਾ ਹੈਰਾਨੀ ਵਾਲੀ ਗੱਲ ਹੈ।

ਜਿਥੇ ਢੰਡ ਦੇ ਵਸਤੂ-ਵੇਰਵੇ ਮਹੱਤਗੀਨ, ਨਿਤਾਪ੍ਰਤੀ ਦੇ ਤੇਜਹੀਨ, ਨਿੱਜੀ ਤੇ ਨਿਰੋਲ ਸਾਧਾਰਨ ਸੰਬੰਧਾਂ ਦੀ ਸੀਮਾ ਵਿਚੋਂ ਬਾਹਰ ਨਹੀਂ ਨਿਕਲ ਸਕੇ, ਉਥੇ ਉਸ ਦੀ ਵਾਰਤਕ ਤੇ ਸ਼ੈਲੀ ਵਿਸ਼ੇ-ਵਸਤੂ ਦੇ ਮਿਆਰ ਨਾਲੋਂ ਬਹੁਤੀ ਉਚੀ ਨਹੀਂ ਉਠ ਸਕੀ। ਕਿਤੇ ਕਿਤੇ ਤਿੱਖੇ ਤੇ ਨੋਕੀਲੇ ਵਾਕੰਸ਼ ਤੇ ਵਾਕ ਢੰਡ ਨੂੰ ਸਤਈ ਵਾਰਤਕ ਪੱਧਰ ਤੋਂ ਉਪਰ ਲਿਜਾਂਦੇ ਹਨ ਪਰ ਬਹੁਤੀ ਦੇਰ ਲਈ ਨਹੀਂ। ਬੱਚਿਆਂ ਬਾਰੇ ਕਿਹਾ ਹੈ "ਬੱਚੇ ਠੀਕ ਹੀ ਜ਼ਿੰਦਗੀ ਦੀ ਰਾਤ ਦੇ ਜੁਗਨੂੰ ਹੁੰਦੇ ਹਨ", ਜਾਂ "ਭਾਰਤੀ ਔਰਤ ਵਾਕਿਆ ਹੀ ਬੜੀ ਹੰਢਣਸਾਰ ਹੈ", "ਉਸ ਨੇ ਬਹਿੰਦਿਆਂ ਹੀ ਲਤੀਫਿਆਂ ਦੀ ਝੜੀ ਲਾ ਦਿੱਤੀ" ਫਿਰ ਅੱਠਵੀਂ ਕਿਸ਼ਤ ਵਿਚ ਗੀਤਾ ਦਾ ਪਾਠ ਕਰਦੇ ਪੁਜਾਰੀ ਦੇ ਪ੍ਰਸ਼ਨ ਉਤਰ ਦਿਲਚਸਪ ਤੇ ਢੁਕਵੇਂ ਹਨ। ਪਰ ਜਦੋਂ ਅਸੀਂ 20ਵੀਂ ਸਦੀ ਦੇ ਅੰਤਲੇ ਦੋ ਦਹਾਕਿਆਂ ਦੇ ਲੇਖਕ ਨੂੰ ਘਸੇ ਪਿਟੇ ਮੁਹਾਵਰਿਆਂ ਦੀ ਵਰਤੋਂ ਕਰਦੇ ਪੜ੍ਹਦੇ ਹਾਂ ਜਾਂ ਇਸ ਵਾਰਤਕ ਦੀ ਅਤਿ ਦੀ ਸਾਧਾਰਨ ਚਾਲ, ਅਰੋਚਕ ਤੇ ਸੁਆਦ ਰਹਿਤ ਸੁਆਦ ਨੂੰ ਵੇਖਦੇ ਹਾਂ ਤਾਂ ਲਿਖਤ ਦੇ ਮਿਆਰ ਬਾਰੇ ਕੁਝ ਸੰਦੇਹ ਹੁੰਦਾ ਹੈ। ਕਈ ਥਾਈਂ ਅਸਪੱਸ਼ਟ ਵਾਕ-ਬਣਤਰ ਤੇ ਸ਼ਬਦ-ਪ੍ਰਯੋਗ ਮਿਆਰੀ ਊਣਤਾਈ ਵੱਲ ਉਂਗਲੀ ਕਰਦੇ ਹਨ। ਉਜਲ ਦੁਸਾਂਝ ਦੀ ਨਿਡਰਤਾ ਤੇ ਜੁਰਅਤ ਨੂੰ ਦਾਦ ਦੇਣ ਦੀ ਥਾਂ ਢੰਡ ਲਿਖਦਾ ਹੈ "ਮੈਂ ਸ਼ੁਕਰਗੁਜ਼ਾਰ ਹਾਂ ਕਿ ਤੁਸੀਂ ...." ਇਸੇ ਹੀ ਕਿਸ਼ਤ ਵਿਚ ਅਮਰੀਕਾ ਤੇ ਕੈਨੇਡਾ ਦੀ ਹੱਦ ਬਾਰੇ ਲਿਖਿਆ ਹੈ "ਕਾਸ਼ ਕਿ ਦੁਨੀਆਂ ਭਰ ਦੇ ਮੁਲਕਾਂ ਦੀਆਂ ਹੱਦਾਂ ਢਹਿ ਜਾਂਦੀਆਂ ਅਤੇ ਵਿਸ਼ਾਲ ਸੰਸਾਰ ਸਿਮਟ ਕੇ ਇਨਸਾਨ ਦੀਆਂ ਬਾਹਵਾਂ ਵਿਚ ਆ ਜਾਵੇ।" ਇਸ ਵਾਕ ਦਾ ਪਿਛਲਾ ਹਿੱਸਾ ਅਰਥਹੀਨ ਹੈ। ਪ੍ਰਕਾਸ਼ ਆਜ਼ਾਦ ਦੇ ਇੰਗਲੈਂਡ ਵਾਸੀ ਭਰਾ ਦੀ ਸਾਹਿਤਕ ....." ਇਹ ਤਿੰਨ ਕੁ ਸਤਰਾਂ ਚਲਦੇ ਪ੍ਰਸੰਗ ਨਾਲ ਕੋਈ ਰਿਸ਼ਤਾ ਨਹੀਂ ਰਖਦੀਆਂ। ਅਠਵੀਂ ਕਿਸ਼ਤ ਵਿਚ ਇਕ ਗੁਰਦਵਾਰੇ ਦੇ ਡਾਇਨਿੰਗ ਹਾਲ ਨੂੰ ਡਾਇਨਿੰਗ ਰੂਮ ਲਿਖਿਆ ਹੈ। ਲਖਸ਼ਮੀਂ ਦੇਵੀ ਦੀ ਥਾਂ ਲਖਸ਼ਮੀ ਮਾਤਾ ਲਿਖ ਪੰਜਾਬੀ ਭਾਸ਼ਾ, ਕਲਚਰ ਤੇ ਹਿੰਦੂ ਸੰਸਕ੍ਰਿਤੀ ਬਾਰੇ ਅਤਿ ਦੀ ਆਗਿਆਨਤਾ ਵਿਖਾਈ ਹੈ।

ਆਪਣੇ ਸਾਹਿਤਕ ਸੰਘਾਸਣ ਉਤੇ ਬਰਾਜਮਾਨ ਤੇ ਪਦ-ਅਧਿਕਾਰਾਂ ਨਾਲ ਜ਼ਰਾਬਕਤਰ ਹੋ ਢੰਡ ਅਜਮੇਰ ਨੂੰ ਆਪਦੀ ਨਿੱਜੀ ਲਾਇਬਰੇਰੀ ਦੀਆਂ ਪੁਸਤਕਾਂ ਪੜ੍ਹਨ ਲਈ ਹਦਾਇਤ ਕਰਦਾ ਹੈ। ਜੇ ਸਿਆਸੀ ਕਹਾਵਤ ਅਨੁਸਾਰ ਸਰਕਾਰ ਨੂੰ ਲੋਕਾਂ ਦੇ ਬੈੱਡਰੂਮ ਵਿਚ ਦਖਲ ਨਹੀਂ ਹੋਣਾ ਚਾਹੀਦਾ ਤਾਂ ਉਸੇ ਲਿਹਾਜ਼ ਨਾਲ ਕਿਸੇ ਸ੍ਵੈ-ਥਾਪੇ ਸਾਹਿਤਕ ਹਾਕਮ ਨੂੰ ਦੂਜਿਆਂ ਦੀਆਂ ਨਿੱਜੀ ਲਾਇਬਰੇਰੀਆਂ ਵਿਚ ਕੋਈ ਦਖਲ ਨਹੀਂ ਦੇਣਾ ਚਾਹੀਦਾ। ਢੰਡ ਇਸੇ ਕਿਸ਼ਤ ਵਿਚ ਅਜਮੇਰ ਨੂੰ ਸਿਰਜਣਾਤਮ ਪਰਕਿਰਿਆ ਉਤੇ ਨੁਸਖਾ ਤੇ ਨਸੀਹਤ ਦੇਣ ਲਈ ਪ੍ਰਯਤਨਸੀਲ ਹੈ ਪਰ ਢੰਡ ਆਪ ਹੀ ਲਿਖ ਚੁਕਿਆ ਹੈ ਕਿ ਲੇਖਕ ਨੂੰ ਹਮੇਸ਼ਾ ਨੀਵਾਂ ਰਹਿਣਾ ਚਾਹੀਦਾ ਹੈ। ਅਜਮੇਰ ਨੂੰ ਨਸੀਹਤ ਕਰਨ ਸਮੇਂ ਢੰਡ ਭੁਲ ਗਿਆ ਕਿ ਉਸ ਆਪ ਹੀ ਲਿਖਿਆ ਹੈ ਕਿ ਸਾਹਿਤ ਸਿਰਜਨਾ ਹਕੀਮ ਦੇ ਨੁਸਖੇ ਨਾਲ ਨਹੀਂ ਆਉਂਦੀ ਤੇ ਹੋਰ ਵੀ ਚੰਗਾ ਹੁੰਦਾ ਜੇ ਸਮਰਸੈੱਟ ਮੂਮ ਦੀ ਇਸ ਟੂਕ ਨੂੰ ਅਖੋਂ ਓਹਲੇ ਨਾ ਕਰਦਾ "ਅਸਲ ਵਿਚ ਪੇਸ਼ਾਵਰ ਲੇਖਕ ਆਪਣੀ ਪਰੇਰਣਾ ਤੇ ਮਾਨਸਿਕ ਅਵਸਥਾ ਨੂੰ ਖੁਦ ਜਨਮ ਦਿੰਦਾ ਹੈ" ਮਹਾਨ ਤੇ ਸੱਚਾ ਕਥਨ ਕਹਿਣ ਲਈ ਕਿਸੇ ਅੰਗਰੇਜ਼ੀ ਜਾਂ ਉਰਦੂ ਦੇ ਲੇਖਕ ਦੀ ਲੋੜ ਨਹੀਂ ਹੁੰਦੀ ਤੇ ਨਾ ਹੀ ਅਜਿਹੇ ਲੇਖਕਾਂ ਦੀ ਗਵਾਹੀ ਸੱਚ ਨੂੰ ਝੂਠ ਜਾਂ ਝੂਠ ਨੂੰ ਸਚ ਬਣਾ ਸਕਦੀ ਹੈ। ਲੇਖਕ ਦਾ ਸੱਚ ਉਸ ਦੀ ਰਚਨਾ ਹੁੰਦਾ ਹੈ ਨਾ ਕਿ ਬਾਹਰੋਂ ਲਿਆਂਦੀਆਂ ਗਵਾਹੀਆਂ।

ਨੋਟ : ਰਘੁਬੀਰ ਢੰਡ ਦੀ ਡਾਇਰੀ ਜਾਂ ਸਫ਼ਰਨਾਮੇ ਬਾਰੇ ਕਾਫ਼ੀ ਚਰਚਾ ਹੋ ਚੁਕੀ ਹੈ। ਇਸ ਲਈ ਆਉਂਦੇ ਅੰਕਾਂ ਵਿਚ ਅਸੀਂ ਹੋਰ ਕਿਸੇ ਟਿੱਪਣੀ ਛਾਪਣ ਤੋਂ ਅਸਮਰਥ ਹਾਂ। ਕਈ ਵਾਰ ਸਾਹਿਤਕ ਵਾਦ-ਵਿਵਾਦ ਦੀ ਥਾਂ ਜ਼ਾਤੀ ਹਮਲਿਆਂ ਤੱਕ ਦੀ ਨੌਬਤ ਆ ਜਾਂਦੀ ਹੈ ਤੇ 'ਕੈਨੇਡਾ ਦਰਪਣ' ਦੇ ਸੁਹਿਰਦ ਪਾਠਕ ਬਹੁਤ ਵਾਰੀ ਇਤਰਾਜ਼ ਕਰਦੇ ਹਨ ਕਿ ਲੇਖਕਾਂ ਨੂੰ ਇਕ ਦੂਜੇ ਉਤੇ ਚਿੱਕੜ ਸੁੱਟਣ ਨਾਲੋਂ ਸਾਹਿਤਕ ਖੇਤਰ ਵਿਚ ਹੀ ਸੰਜੀਦਾ ਟਿੱਪਣੀਆਂ ਤੱਕ ਸੀਮਤ ਰਹਿਣਾ ਚਾਹੀਦਾ ਹੈ। ਬਲਰਾਜ ਚੀਮਾ ਦਾ ਮੁਲਾਂਕਣ ਹੁਣ ਤੱਕ ਹੋਈ ਬਹਿਸ ਨੂੰ ਗੰਭੀਰਤਾ ਪੂਰਬਕ ਨਜਿਠਦਾ ਹੈ।

—ਸੰਪਾਦਕੀ ਮੰਡਲ

ਨੌਜਵਾਨ ਭੜਕਾਹਟ ਵਿਚ ਨਾ ਆਉਣ — ਸ੍ਰੀ ਕਲਕੱਤਾ

ਅੰਮ੍ਰਿਤਸਰ — ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਮਨਜੀਤ ਸਿੰਘ ਕਲਕੱਤਾ ਨੇ ਇਥੇ ਕਿਹਾ ਕਿ ਸ਼੍ਰੋਮਣੀ ਕਮੇਟੀ ਸਰਕਾਰ ਨਾਲ ਗੱਲਬਾਤ ਦੇ ਦਰਵਾਜ਼ੇ ਖੁਲ੍ਹੇ ਰੱਖ ਰਹੀ ਹੈ ਅਤੇ ਕਿਸੇ ਤਣਾਓ-ਪੂਰਤ ਸਥਿਤੀ ਤੋਂ ਬਚਣ ਦੀ ਕੋਸ਼ਿਸ਼ ਵਿਚ ਹੈ। ਸ੍ਰੀ ਕਲਕੱਤਾ ਨੇ ਕਿਹਾ ਕਿ ਸਾਰੇ ਮਸਲੇ ਸ਼ਾਂਤੀ-ਪੂਰਬਕ ਤੇ ਜਮਹੂਰੀ ਢੰਗ ਨਾਲ ਹੀ ਹੱਲ ਕੀਤੇ ਜਾਣੇ ਚਾਹੀਦੇ ਹਨ।

ਸ੍ਰੀ ਕਲਕੱਤਾ ਨੇ ਕਿਹਾ ਕਿ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਪੰਜਾਬ ਦੇ ਲੋਕਾਂ ਦੀਆਂ ਜੋ ਜਾਇਜ਼ ਮੰਗਾਂ ਹਨ, ਉਹ ਬਿਨਾਂ ਸ਼ਰਤ ਮੰਨੀਆਂ ਜਾਣ। ਉਨ੍ਹਾਂ ਨੇ ਕਿਹਾ ਕਿ ਦਹਿਸ਼ਤਗਰਦਾਂ ਦੀਆਂ ਕਾਰਵਾਈਆਂ ਕਾਰਨ ਪੰਜਾਬ ਦੇ ਲੋਕਾਂ ਨੂੰ ਵੀ ਉਕਸਾਹਟ ਵਿਚ ਨਹੀਂ ਆਉਣ ਚਾਹੀਦਾ ਤੇ ਦੋਵਾਂ ਫਿਰਕਿਆਂ ਨੂੰ ਸ਼ਾਂਤ ਬਣਾਈ ਰੱਖਣ ਦਾ ਯਤਨ ਕਰਨਾ ਚਾਹੀਦਾ ਹੈ।

ਸ੍ਰੀ ਮਨਜੀਤ ਸਿੰਘ ਕਲਕੱਤਾ ਨੇ ਇਹ ਸ਼ਬਦ ਉਸ ਸਮੇਂ ਕਹੇ ਜਦ ਉਹ ਕਿਹਰ ਸਿੰਘ ਤੇ ਸਤਵੰਤ ਸਿੰਘ ਦੇ ਭੋਗ-ਸਮਾਗਮ ਉਤੇ ਬੋਲ ਰਹੇ ਸਨ। ਨੌਜਵਾਨਾਂ ਨੂੰ ਅਪੀਲ ਕਰਦਿਆਂ ਸ੍ਰੀ ਕਲਕੱਤਾ ਨੇ ਕਿਹਾ ਕਿ ਉਨ੍ਹਾਂ ਨੂੰ ਕਿਸੇ ਦੀ ਭੜਕਾਹਟ ਵਿਚ ਨਹੀਂ ਆਉਣਾ ਚਾਹੀਦਾ। ਹਿੰਸਾ ਕਰਨ ਨਾਲ ਪੰਜਾਬ ਦਾ ਮਸਲਾ ਕਦਾਚਿਤ ਹੱਲ ਨਹੀਂ ਹੋਵੇਗਾ।

ਸ੍ਰੀ ਕਲਕੱਤਾ ਨੇ ਕਿਹਾ ਕਿ ਪੰਜਾਬ ਨੇ ਪਿਛਲੇ ਛੇ ਸਾਲਾਂ ਵਿਚ ਬਹੁਤ ਮੁਸੀਬਤ ਝੱਲੀ ਹੈ ਤੇ ਹਜ਼ਾਰਾਂ ਲੋਕਾਂ ਨੇ ਆਪਣੀ ਜਾਨ ਦੀ ਕੁਰਬਾਨੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਆਪਸੀ ਭਾਈਚਾਰਾ ਬਣਾਈ ਰੱਖਿਆ ਜਾਣਾ ਚਾਹੀਦਾ ਹੈ।

ਤਾਮਿਲਨਾਡੂ ਵਿਚ ਮੁਖ ਤਰ ਤੇ 3 ਸਾਂਝੇ ਫਰੰਟ 234 ਸੀਟਾਂ ਲਈ ਲੜਨਗੇ

ਮਦਰਾਸ — ਰਾਜ ਵਿਧਾਨ ਸਭਾ (ਤਾਮਲਨਾਡੂ) ਦੀਆਂ 234 ਸੀਟਾਂ ਲਈ ਚੋਣ ਗਠਜੋੜ ਨਵੇਂ ਨਵੇਂ ਰੰਗ ਦਿਖਾ ਰਹੇ ਹਨ। ਸਾਬਕਾ ਹਾਕਮ ਪਾਰਟੀ ਡੀ ਐਮ ਕੇ ਗਰੁਪਾਂ ਵਿਚ ਵੰਡੀ ਗਈ ਹੈ। ਡੀ ਐਮ ਕੇ ਤੇ ਜਨਤਾ ਦਲ ਵਿਚਾਲੇ ਚੋਣ ਸੰਧੀ ਹੋ ਗਈ ਹੈ। ਹਿੰਦ ਕਮਿਊਨਿਸਟ ਪਾਰਟੀ ਨੇ ਐਨ ਡੀ ਐਮ ਕੇ ਨਾਲ ਚੋਣ ਗਠਜੋੜ ਕੀਤਾ ਹੈ ਤੇ 13 ਸੀਟਾਂ ਉਤੇ ਚੋਣ ਲੜਨ ਦਾ ਐਲਾਨ ਕੀਤਾ ਹੈ। ਡੀ ਐਮ ਕੇ ਨੇ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਨਾਲ ਵੀ ਸਮਝੌਤਾ ਕੀਤਾ ਹੈ ਤੇ ਉਸ ਨੂੰ 21 ਸੀਟਾਂ ਦਿੱਤੀਆਂ ਹਨ। ਡੀ ਐਮ ਕੇ ਨੇ ਮੁਸਲਮ ਲੀਗ ਨੂੰ ਵੀ 5 ਸੀਟਾਂ ਦਿੱਤੀਆਂ ਹਨ। ਜਦੋਂ ਕਿ ਕਾਂਗਰਸ (ੲ) ਨੇ ਆਪਣੇ ਸਹਿਯੋਗੀਆਂ ਨੂੰ 25 ਸੀਟਾਂ ਦਿੱਤੀਆਂ ਹਨ। ਜਿਹਨਾਂ ਵਿਚ ਦਸ ਸੀਟਾਂ ਇੰਡੀਅਨ ਕਮਿਊਨਿਸਟ ਪਾਰਟੀ (ਡਾਂਗੇ ਗਰੁਪ) ਨੂੰ ਦਿੱਤੀਆਂ ਹਨ। ਮੁਸਲਮ ਲੀਗ ਨੂੰ 8 ਰੀਪਬਲਿਕਨ ਪਾਰਟੀ ਨੂੰ ਇਕ, ਕ੍ਰਿਸਚੀਅਨ ਡੈਮੋਕਰੈਟਿਕ ਪਾਰਟੀ ਨੂੰ ਇਕ, ਆਲ ਇੰਡੀਆ ਫਾਰਵਡ ਬਲਾਕ ਨੂੰ ਇਕ ਅਤੇ ਅੰਬੇਦਕਰ ਮੂਵਮੈਂਟ ਨੂੰ ਚਾਰ ਸੀਟਾਂ ਦਿੱਤੀਆਂ ਹਨ।

ਪ੍ਰੇਮ ਨਜ਼ੀਰ ਚਲ ਵਸੇ

ਮਦਰਾਸ — ਪ੍ਰਸਿੱਧ ਮਲਿਆਲਮ ਫਿਲਮ ਐਕਟਰ ਪ੍ਰੇਮ ਨਜ਼ੀਰ 16 ਫਰਵਰੀ ਨੂੰ ਇਥੇ ਇਕ ਹਸਪਤਾਲ ਵਿਚ ਚਲ ਵਸੇ। ਪ੍ਰੇਮ ਨਜ਼ੀਰ ਨੇ ਮਲਿਆਲਮ ਦੀਆਂ 700 ਤੋਂ ਵੱਧ ਫਿਲਮਾਂ ਵਿਚ ਕੰਮ ਕੀਤਾ। ਤੇ ਉਨ੍ਹਾਂ ਦਾ ਇਹ ਰੀਕਾਰਡ ਗਿਨੀਜ਼ ਬੁਕ ਵਿਚ ਵੀ ਦਰਜ ਹੈ। ਉਨ੍ਹਾਂ ਦੀ ਮੌਤ ਤੇਜ਼ ਬੁਖਾਰ ਕਾਰਨ ਹੋਈ। ਉਹ ਸਦਾ ਬਹਾਰ ਹੀਰੋ ਗਿਣੇ ਜਾਂਦੇ ਸਨ। ਉਹ 61 ਵਰ੍ਹਿਆਂ ਦੇ ਸਨ।

ਉਨ੍ਹਾਂ ਦਾ ਅੰਤਮ ਸਸਕਾਰ ਕੇਰਲ ਵਿਚ ਹੋਵੇਗਾ। 1985 ਵਿਚ ਸ੍ਰੀ ਨਜ਼ੀਰ ਨੂੰ ਭਾਰਤ ਸਰਕਾਰ ਵਲੋਂ 'ਪਦਮ ਭੂਸ਼ਨ' ਦਾ ਐਵਾਰਡ ਦਿੱਤਾ ਗਿਆ ਸੀ।

ਸੰਖੇਪ ਪਰ ਵਿਸ਼ੇਸ਼

- ਫੈਡਰੇਸ਼ਨ ਆਗੂ ਗੁਰਨਾਮ ਸਿੰਘ ਲੁਧਿਆਣੇ ਨੇੜੇ ਹਲਾਕ
- ਤਿੰਨ ਅਮਰੀਕੀ ਕਾਂਗਰਸਮੈਨਾਂ ਦਾ ਪੰਜਾਬ ਦੌਰਾ — ਅੰਮ੍ਰਿਤਸਰ ਤੇ ਚੰਡੀਗੜ੍ਹ ਦੀ ਯਾਤਰਾ ਸਮੇਂ ਕਿਹਾ ਕਿ ਪੰਜਾਬ ਵਿਚ ਮਨੁੱਖੀ ਅਧਿਕਾਰਾਂ ਦੀ ਕੋਈ ਉਲੰਘਣਾ ਨਹੀਂ ਹੋ ਰਹੀ — ਅਮਰੀਕਾ ਅਤਿਵਾਦੀਆਂ ਦੇ ਨੱਥ ਪਾਵੇਗਾ —
- ਪੰਜਾਬ 'ਚ 17 ਜਨਵਰੀ ਨੂੰ 5 ਹਲਾਕ — ਬਟਾਲਾ ਦੇ ਪਿੰਡ ਸ਼ੀਟ ਵਿਚ ਦੋ ਨੌਜਵਾਨ ਲੜਕੀਆਂ — ਰਾਣੀ ਤੇ ਊਸ਼ਾ ਹਲਾਕ
- ਗੁਰਦਾਸਪੁਰ 'ਚ ਸਕੂਲ ਇਮਾਰਤ ਡਿਗਣ ਨਾਲ 8 ਬੱਚੀਆਂ ਚਲ ਵਸੀਆਂ — 14 ਜ਼ਖਮੀ
- ਅਕਾਲੀ ਨੇਤਾ ਬਲਵੰਤ ਸਿੰਘ ਨੇ ਫਗਵਾੜੇ ਵਿਚ ਕਿਹਾ ਕਿ ਅੰਗਲੇ ਕੁਝ ਦਿਨਾਂ ਅੰਦਰ ਸਿੱਖ ਪੰਥ ਵਿਚ ਏਕਤਾ ਹੋ ਜਾਵੇਗੀ।
- ਜੰਮੂ ਤੇ ਊਧਮਪੁਰ ਵਿਚ ਕਰਫੀਊ ਵਿਚ ਢਿੱਲ — ਝਗੜਾ ਕਿਹਰ ਸਿੰਘ ਤੇ ਸਤਵੰਤ ਸਿੰਘ ਦੀਆਂ ਤਸਵੀਰਾਂ ਤੋਂ ਸ਼ੁਰੂ ਹੋਇਆ।

ਅਫਗਾਨਿਸਤਾਨ 'ਚ ਸਾਬਕ ਸ਼ਾਹ ਜ਼ਾਹਰ ਸ਼ਾਹ ਦੀ ਸਾਂਝੀ ਸਰਕਾਰ ਬਨਾਣ ਦੇ ਯਤਨ

ਲੰਡਨ — ਪੀਪਲਜ਼ ਪਾਰਟੀ ਦੇ ਬਰਤਾਨੀਆਂ ਵਿਚ ਰਹਿੰਦੇ ਲੀਡਰਾਂ ਅਨੁਸਾਰ ਜੇਕਰ ਅਫਗਾਨਿਸਤਾਨ ਦੇ ਸਾਬਕ ਸ਼ਾਹ ਜ਼ਾਹਰ ਸ਼ਾਹ ਦੇਸ਼ ਪਰਤ ਕੇ ਸਾਂਝੀ ਆਰਜ਼ੀ ਸਰਕਾਰ ਕਾਇਮ ਕਰਨਾ ਮੰਣ ਜਾਣ ਤਾਂ ਪਾਕਿਸਤਾਨ ਦੀ ਵੀ ਹਮਾਇਤ ਉਹਨਾਂ ਨੂੰ ਮਿਲੇਗੀ। ਕਿਉਂਕਿ ਪਾਕਿਸਤਾਨ ਨੂੰ ਅਫਗਾਨਿਸਤਾਨ ਵਿਚ ਅਵਸ਼ ਹੀ ਅਮਨ ਅਤੇ ਅਜੇਹੀ ਸਰਕਾਰ ਦੀ ਲੋੜ ਹੈ ਜੋ ਪਾਕਿਸਤਾਨ ਨਾਲ ਸ਼ਾਂਤੀ ਪੂਰਨ ਰਹਿ ਸਕੇ ਤੇ ਪਾਕਿਸਤਾਨ ਵਿਚ ਡੇਰੇ ਲਾਈ ਬੈਠੀ ਹੈ ਲੱਖਾਂ ਬੈਠੇ ਲੱਖਾਂ ਬਾਗੀ ਅਫਗਾਨ ਸ਼ਾਂਤੀ ਪੂਰਨ ਵਾਪਸ ਦੇਸ ਪਰਤ ਸਕਣ।

ਪਿਛਲੇ ਹਫ਼ਤੇ ਤੋਂ ਸੀਨੀਅਰ ਸੋਵੀਅਤ ਅਧਿਕਾਰੀ ਰੋਮ (ਇਟਲੀ) ਵਿਚ ਜਾ ਕੇ ਜ਼ਾਹਰ ਸ਼ਾਹ ਨੂੰ ਮਿਲੇ ਹਨ ਤੇ ਉਹਨਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਵਾਪਸ ਜਾ ਕੇ ਆਪਣਾ ਅਫਗਾਨਿਸਤਾਨ ਸੰਭਾਲਣ। ਹਾਲਾਂ ਆਰਜ਼ੀ ਸਰਕਾਰ ਦੇ ਮੁੱਖ ਬਣ ਕੇ ਕੰਮ ਚਲਾਉਣ ਅਤੇ ਢੁਕਵੇਂ ਸਮੇਂ ਚੋਣਾਂ ਕਰਵਾ ਲੈਣ। ਕਾਬਲ ਵਿਚ ਸੋਵੀਅਤ ਦੂਤ ਮਿ. ਯੂਲੀ ਵੋਰਨੋਤਸੋਵ ਨੇ ਸ਼ਾਹ ਨਾਲ ਸਿੱਧੀ ਗੱਲਬਾਤ ਕੀਤੀ। ਜੋ 1973 ਤੋਂ ਜਲਾਵਤਨਹ ਦੇ ਦਿਨ ਰੋਮ ਵਿਚ ਬਿਤਾ ਰਹੇ ਹਨ। ਸੋਵੀਅਤ

ਫੌਜਾਂ 15 ਫਰਵਰੀ 1989 ਤੱਕ ਪੂਰੀ ਅਫਗਾਨਿਸਤਾਨ ਵਿਚੋਂ ਨਿਕਲ ਜਾਣਗੀਆਂ ਅਤੇ ਸੋਵੀਅਤ ਇਹ ਚਾਹੁੰਦੇ ਹਨ ਕਿ ਅਫਗਾਨਿਸਤਾਨ ਵਿਚ ਅਮਨ ਅਮਾਨ ਨਾਲ ਅਜੇਹੀ ਨਵੀਂ ਸਰਕਾਰ ਬਣ ਜਾਏ ਜੋ ਹਾਲਾਤ ਨੂੰ ਸੰਭਾਲ ਸਕੇ ਕਿਉਂਕਿ ਬਾਗੀ ਅਫਗਾਨਾਂ ਦਾ ਇਕ ਤਕੜਾ ਗਰੁਪ ਹਾਲਾਂ ਵੀ ਬਦੇਸ਼ੀ ਸ਼ਹਿ ਉਤੇ ਆਪਣੇ ਤੋਂ ਸਿਵਾ ਕਿਸੇ ਹੋਰ ਸਰਕਾਰ ਨੂੰ ਬਰਦਾਸ਼ਤ ਕਰਨ ਲਈ ਤਿਆਰ ਨਹੀਂ ਹੈ।

ਹੁਣ ਅਗਲੀ ਗੱਲਬਾਤ ਜ਼ਾਹਰ ਸ਼ਾਹ, ਬਾਗੀ ਅਫਗਾਨ ਲੀਡਰਾਂ ਤੇ ਸੋਵੀਅਤ ਅਧਿਕਾਰੀਆਂ ਵਿਚਾਲੇ ਹੋ ਰਹੀ ਹੈ ਜੋ ਫੈਸਲਾ ਕੁੰਨ ਹੋਵੇਗੀ।

ਤੁਹਾਡੇ ਹਾਸਿਆਂ ਦੀ ਗੱਲ ਸੁਣਾਵਾਂ ਕੀ ਤੁਸਾਂ ਨੂੰ ਮ
ਤੁਹਾਡੀ ਮੁਸਕਰਾਹਟ ਵੀ ਮਿਲੀ ਹੈ ਸਦਮਿਆਂ ਵਾਗੂੰ।

ਵੀਕਲੀ ਫੀਚਰ

ਬੱਚਿਆਂ ਦੇ ਮਸਲੇ

ਵਲੋਂ — ਵਿਦਿਆਰਥੀ



ਡਰਿਆ ਹੋਇਆ/ਭੈ-ਭੀਤ/ਡਰਪੋਕ : ਡਰ ਸਿਖਿਆ ਹੋਇਆ ਕਰਮ ਹੈ, ਇਹ ਖਤਰੇ ਤੋਂ ਪਹਿਲਾਂ ਘੰਟੀ ਦਾ ਕੰਮ ਭੀ ਦਿੰਦਾ ਹੈ। ਕਈ ਡਰ ਅੰਤਰ-ਪ੍ਰੇਰਣਾ (ਸਹਿਜ ਸੁਭਾ) ਦੇ ਹੁੰਦੇ ਹਨ ਜਿਵੇਂ ਉਚੀ ਖੜਾਕਾ ਜਾਂ ਦਬਕੇ ਤੋਂ ਜਾਂ ਕਿਸੇ ਇਕ ਦਮ ਹਰਕਤ/ਭਜਣ ਤੋਂ ਆਦਿ। ਕਈ ਦਲੀਲ ਰਹਿਤ ਡਰ ਤਾਂ ਬੜੀ ਭੈ-ਭੀਤ ਜਾਂ ਹੌਲਨਾਕ ਹਾਲਤ ਪੈਦਾ ਕਰ ਦਿੰਦਾ ਹੈ। ਭਾਰੂ ਤੇ ਬੇ-ਦਲੀਲੇ ਡਰ ਵਿਚੋਂ ਸਹਿਮ ਪੈਦਾ ਹੋ ਜਾਂਦਾ ਹੈ ਅਤੇ ਅੰਤ ਵਿਚ ਲਗਾਤਾਰ ਕਿਸੇ ਗੱਲ ਤੋਂ ਐਵੇਂ ਹੀ ਡਰ ਰਹਿਣ ਦੀ ਅਵਸਥਾ ਤ੍ਰਾਸ ਜਾਂ ਭੈ (ਫੋਬੀਆ) ਬਣਾਉਂਦੀ ਹੈ। ਬੱਚਿਆਂ ਵਿਚ ਜਿਸਮਾਨੀ ਸੱਟ (ਜ਼ਹਿਰ, ਮਾਰ, ਜੰਗ, ਅਗਵਾ ਕਰਨਾ); ਕੁਦਰਤੀ ਘਟਨਾਵਾਂ (ਫਸਾਦ, ਹਨੇਰੀਆਂ, ਹਨੇਰਾ ਆਦਿ); ਅਤੇ ਮਨੋ-ਵਿਗਿਆਨਕ ਤਣਾਅ (ਗਲਤੀ, ਸਮਾਜਕ ਘਟਨਾ, ਇਮਤਿਹਾਨ, ਨੁਕਤਾਚੀਨੀ ਦਾ ਡਰ ਆਦਿ ਬੱਚੇ ਲਈ ਡਰ ਦੇ ਕਾਰਨ ਹਨ।

ਬੱਚਿਆਂ ਵਿਚ ਭੂਤਾਂ, ਪ੍ਰੇਤਾਂ, ਦੈਂਤਾਂ ਆਦਿ ਦੇ ਡਰ ਹਨ ਪਰ ਉਮਰ ਦੇ ਵਾਧੇ ਦੇ ਨਾਲ ਨਾਲ ਘਟੀ ਜਾਂਦੇ ਹਨ। ਕਈ ਵਾਰ ਡਰ, ਹਾਂ ਪੱਖੀ ਨਤੀਜੇ ਭੀ ਕੱਢ ਸਕਦਾ ਹੈ। ਇਹ ਖਤਰੇ ਦੀ ਘੰਟੀ ਪਹਿਲਾਂ ਹੀ ਵਜਾ ਦਿੰਦਾ ਤੇ ਵਿਅਕਤੀ ਸਾਵਧਾਨ ਹੋ ਜਾਂਦਾ ਹੈ। ਸੁਪਨੇ ਭੀ ਅਚੇਤ ਮਨ ਦਾ ਡਰ ਜਾਂ ਖਿਆਲ ਦਾ ਪ੍ਰਗਟਾਵਾ ਦੱਸੇ ਜਾਂਦੇ ਹਨ। ਸੁਰੱਖਿਅਤ ਵਾਤਾਵਰਣ ਤਾਂ ਡਰ ਨੂੰ ਭਜਾ ਦਿੰਦਾ ਹੈ

ਕਾਰਨ : ਕਈ ਵਾਰ ਜਿਸਮਾਨੀ ਸੱਟ ਤੇ ਮਾਨਸਿਕ ਤਣਾਅ ਸਗੋਂ ਮਾਨਸਿਕ ਸੱਟ ਨੂੰ ਜਨਮ ਦਿੰਦਾ ਹੈ। ਬੱਚਿਆਂ ਵਿਚ ਲਾਚਾਰੀ ਜਾਂ ਨਿਆਸਰਾ ਦੀ ਭਾਵਨਾ ਭੀ ਡਰ ਪੈਦਾ ਕਰਦੀ ਹੈ। ਕਈ ਵਾਰ ਇਕ ਘਟਨਾ ਜਾਂ ਗੱਲ ਤੋਂ ਪੈਦਾ ਹੋਇਆ ਡਰ ਹੋਰ ਪੱਖਾਂ ਤੇ ਸਾਰੇ ਜੀਵਨ ਤੇ ਫੈਲ ਜਾਂਦਾ ਤੇ ਭਾਰੂ ਹੋ ਸਕਦਾ ਹੈ। ਮੰਦੀਆਂ ਖਬਰਾਂ ਤੇ ਮਾੜੀਆਂ ਘਟਨਾਵਾਂ ਭੀ ਡਰ ਦੀ ਭਾਵਨਾ ਪੈਦਾ ਕਰਦੀਆਂ ਹਨ (ਜਿਵੇਂ ਕਿਤਾਬਾਂ, ਖਬਰਾਂ, ਟੀ. ਵੀ. ਆਦਿ ਦੇ ਕਤਲ, ਡਾਕੇ, ਜਬਰ ਆਦਿ)। ਬੱਚਿਆਂ ਵਿਚ ਕਈ ਖਿਆਲੀ ਜਾਂ ਸੁਪਨਮਈ ਡਰ ਭੀ ਹੁੰਦੇ ਹਨ (ਭੂਤਾਂ, ਮੁਜਰਮਾਂ ਤੇ ਅਲੌਕਿਕ/ਕਰਾਮਾਤੀ ਚੀਜ਼ਾਂ ਤੋਂ ਸਜ਼ਾ ਦਾ ਡਰ)। ਡਰ ਦੇ ਹਥਿਆਰ ਨਾਲ ਦੂਜਿਆਂ ਦਾ ਧਿਆਨ ਆਪਣੇ ਵੱਲ ਖਿਚਣਾ ਹੈ। ਪਰ ਇਸ ਗੱਲ ਨਾਲ ਬੱਚੇ ਦੇ ਭੈ-ਭੀਤ ਹੋਣ ਦੀ ਰੁਚੀ ਹੋਰ ਪੱਕੀ ਹੁੰਦੀ ਹੈ। ਮਾਪੇ ਬੱਚੇ ਨੂੰ ਬਰਾਉਂਦੇ ਹਨ ਪਰ ਡਰ ਵਧਦਾ ਜਾਂਦਾ ਹੈ ਜਿਵੇਂ ਸਕੂਲ ਜਾਣ ਦਾ ਡਰ ਕਈ ਬੱਚਿਆਂ ਦੀ ਜਿਸਮਾਨੀ ਬਣਤਰ ਤੇ ਪਿਛੋਕੜ ਡਰ ਦਾ ਕਾਰਨ ਹਨ (ਪਿਤਾ ਪੁਰਖੀ ਜਾਂ ਗਰਭ ਸਮੇਂ ਦੇ ਹਾਲਾਤ)। ਬੀਮਾਰ, ਥੱਕੇ ਹੋਏ, ਕਮਜ਼ੋਰ, ਮਾੜੀ ਖੁਰਾਕ, ਖੂਨ ਵਿਚ ਘੱਟ ਸ਼ੂਗਰ ਅਤੇ ਸਵੈ-ਮਾਨ ਤੋਂ ਰਹਿਤ ਬੱਚਿਆਂ ਵਿਚ ਜ਼ਿਆਦਾ ਹੈ (ਮਨੋ ਵਿਗਿਆਨਕ ਤੇ ਜਿਸਮਾਨੀ ਕਮਜ਼ੋਰੀ ਦੇ ਕਾਰਨ। ਬੱਚਿਆਂ ਨੂੰ ਬਹੁਤ ਟੋਕਣਾ, ਅਜਾਈਂ ਢਾਹੂ ਨੁਕਤਾਚੀਨੀ ਜਾਂ ਜਿਵੇਂ ਗੰਦੇ ਹੋਣ ਤੋਂ ਝਾੜਾਂ। ਸੋ ਬੱਚਾ ਮਿੱਟੀ ਲੱਗਣ ਤੋਂ ਤੇ ਗੰਦਾ ਕੰਮ ਕਰਨ ਤੋਂ ਡਰੇਗਾ। ਬਹੁਤੀ ਤੇ ਸਖਤੀ ਨਾਲ ਆਸਾਂ ਇਸ ਦਾ ਕਾਰਨ ਹਨ। ਬੱਚਾ ਪੂਰੀਆਂ ਨਹੀਂ ਕਰੇ ਸਕੇਗਾ ਤੇ ਡਰੇਗਾ। ਪੂਰਨਤਾ ਚਾਹੁਣ ਵਾਲੇ ਮਾਪੇ ਡਰ ਪੈਦਾ ਕਰਦੇ ਹਨ। ਘਰ ਵਿਚ ਮਾਪਿਆਂ ਤੇ ਵੱਡਿਆਂ ਦੇ ਆਪਸੀ ਝਗੜੇ ਤੇ ਤਕਰਾਰ ਭੀ ਡਰ ਨੂੰ ਜਨਮ ਦਿੰਦੇ ਹਨ। ਬੱਚਾ ਵੱਡਿਆਂ ਤੋਂ ਸਿਖਦਾ ਹੈ ਜੇ ਮਾਪੇ ਡਰਪੋਕ ਹਨ ਤੇ ਬੱਚਾ ਗ੍ਰਹਿਣ ਕਰੇਗਾ।

ਕਿਵੇਂ ਤੇ ਕੀ ਕੀਤਾ ਜਾਵੇ : ਬੱਚੇ ਨੂੰ ਹਰ ਕਿਸਮ ਦੇ ਤਣਾਅ ਤੇ ਮਸਲੇ ਨਾਲ ਟਾਕਰਾ ਕਰਨ ਦੀ ਵਿਧੀ ਸਿਖਾਈ ਜਾਵੇ ਤੇ ਯੋਗ ਬਣਾਇਆ ਜਾਵੇ। ਖੇਡਾਂ ਅਤੇ ਕਈ ਰੋਲ ਅਦਾ ਕਰਕੇ ਭੀ ਡਰ ਦੂਰ ਕੀਤੇ ਜਾ ਸਕਦੇ ਹਨ। ਜਿਵੇਂ ਲੁਕਣ ਮੀਟੀ ਜਾਂ ਅੱਖ ਮਚੋਲੀ ਰਾਹੀਂ ਹਨੇਰੇ ਅਤੇ ਇਕੱਲਪੁਣੇ ਦਾ ਡਰ ਹਟਾਇਆ ਜਾਂਦਾ ਹੈ। ਬੱਚਿਆਂ ਨੂੰ ਬਹੁਤ ਜ਼ਿਆਦਾ ਸੁਰੱਖਿਅਤ ਰੱਖਣਾ ਠੀਕ ਨਹੀਂ। ਬੱਚਿਆਂ ਨਾਲ ਹਮਦਰਦੀ ਤੇ ਮਦਦ ਨਾਲ ਉਹਨਾਂ ਵਿਚ ਡਰ ਵਾਲੀਆਂ ਹਾਲਤਾਂ ਨਾਲ ਟਾਕਰਾ ਕਰਨ ਦੀ ਭਾਵਨਾ ਵਧਦੀ ਹੈ। ਸੁਰੱਖਿਅਤਾ ਵਧਦੀ ਤੇ ਬੱਚੇ ਦੇ ਖਿਆਲਾਂ ਨਾਲ ਸਾਂਝ ਪੈਦਾ ਹੁੰਦੀ ਹੈ। ਬੱਚੇ ਨੂੰ ਸਮਝੋ। ਬੱਚੇ ਦੀ ਡਰ ਦੀ ਭਾਵਨਾ ਨੂੰ ਡਿਸਿਪਲਨ ਕਰਨ ਜਾਂ ਐਵੇਂ ਕੰਮ ਕਰਾਉਣ ਲਈ ਨਾ ਵਰਤੋ। ਨਾ ਹੀ ਡਰ ਦੀ ਰੁਚੀ ਦਾ ਮਖੌਲ ਉਡਾਓ। ਅਸਲੀ ਤੇ ਨਕਲੀ ਡਰ ਦਾ ਫਰਕ ਦੱਸੋ। ਡਰ ਦੀ ਭਾਵਨਾ ਜਾਂ ਗੱਲ ਸੁਣੋ ਅਤੇ ਨਜ਼ਰ-ਅੰਦਾਜ਼ ਨਾ ਕਰੋ। ਬੱਚੇ ਦੇ ਅਮਲੀ ਤਜਰਬੇ ਕਰਾਓ। ਸੌਣ ਦੇ ਸਮੇਂ ਨੂੰ ਆਰਾਮ ਵਾਲਾ ਬਦਾਉ, ਕਹਾਣੀ ਸੁਣਾਉ ਤੇ ਹਰ ਰੋਜ਼ ਹੌਲੀ ਹੌਲੀ ਰੌਸ਼ਨੀ ਘਟਾਉ ਤੇ ਥੋੜ੍ਹਾ ਥੋੜ੍ਹਾ ਦਰਵਾਜ਼ਾ ਬੰਦ ਕਰਨਾ ਵਧਾਉ। ਬੱਚਿਆਂ ਦੇ ਡਰ ਜਾਂ ਸੰਬੰਧਤ ਮਸਲਿਆਂ ਨਾਲ ਫਿਕਰ ਤੇ ਹਮਦਰਦੀ ਸਾਂਝੇ ਕਰੋ। ਜੇ ਮਾਪੇ ਆਖਣ ਕਿ ਉਹ ਕਦੇ ਡਰੇ ਹੀ ਨਹੀਂ ਤਾਂ ਬੱਚੇ ਇਸ ਗੱਲ ਤੇ ਯਕੀਨ ਨਹੀਂ ਕਰਨਗੇ। ਬੱਚਿਆਂ ਨੂੰ ਝੱਟ ਪਤਾ ਲੱਗ ਜਾਂਦਾ ਹੈ ਕਿ ਵੱਡੇ ਡਰ ਰਹੇ ਹਨ। ਮਾਪੇ ਸ਼ਾਂਤੀ ਤੇ ਯੋਗਤਾ ਵਾਲੇ ਸਮਤੋਲ ਅਤੇ ਆਸ਼ਾਵਾਦੀ ਹੋਣ ਤਾਂ ਉਹ ਡਰ ਬਾਰੇ ਵਧੀਆ ਤੇ ਦਲੀਲ ਨਾਲ ਸਮਝਾ ਸਕਦੇ ਹਨ। ਪਰ ਹਰ ਵੇਲੇ ਡਰ ਬਾਰੇ ਹੀ ਰਟ ਨਾ ਲਾਉ। ਡਰ ਨੂੰ ਦਲੀਲ ਅਤੇ ਅਮਲ ਰਾਹੀਂ ਕੱਢਣ ਦੇ ਯਤਨ ਕਰੋ। ਤੁਹਾਡੀ ਪਹੁੰਚ ਤੇ ਦਿੱਖ ਦਾ ਬੜਾ ਅਸਰ ਹੈ — ਜਿਵੇਂ "ਮੈਨੂੰ ਦੰਦ ਠੀਕ ਕਰਾ ਕੇ ਆਨੰਦ ਆ ਗਿਆ" ਉਸਾਰੂ ਤੇ ਆਸ਼ਾਵਾਦੀ ਹੈ ਅਤੇ ਦੰਦ ਦੇ ਡਾਕਟਰ ਦਾ ਡਰ ਹਟਾਉਂਦਾ ਹੈ। ਮੰਤਵ ਤਾਂ ਡਰ ਘਟਾਉਣ ਦਾ ਹੈ। ਗਰੁਪ ਤੇ ਇਕੱਠੇ ਰਹਿਣਾ, ਬੈਠਣਾ ਆਦਿ ਭੀ ਮੱਦਦ ਕਰਦੇ ਹਨ। ਡਰ ਪੈਦਾ ਕਰਨ ਵਾਲੀ ਘਟਨਾ ਬਾਰੇ ਸਮਝਾਉ ਤੇ ਐਕਟਿੰਗ ਰਾਹੀਂ ਦੂਰ ਕਰੋ। ਕਹਾਣੀਆਂ ਰਾਹੀਂ ਭੀ। ਬੱਚੇ ਦਾ ਡਰ/ਭੈ ਦਾ ਟਾਕਰਾ ਕਰਨ ਵਾਲੇ ਕਦਮ/ਗੱਲ ਦੀ ਸ਼ਲਾਘਾ ਤੇ ਇਨਾਮ। ਸਵੈ ਗੱਲਾਂ ਰਾਹੀਂ ਭੀ ਡਰ ਦੂਰ ਕਰਨ ਦੀ ਵਿਧੀ ਮੱਦਦ ਕਰਦੀ ਹੈ। ਦਿਲ ਧਰਨਾ ਅਤੇ ਸਰੀਰ ਨੂੰ ਅਲਸਾਉਣ ਤੇ ਆਰਾਮ ਕਰਾਉਣਾ ਭੀ ਡਰ ਤੇ ਕਾਬੂ ਪਾਉਣ ਵਿਚ ਮੱਦਦ ਕਰਦੇ ਹਨ। ਬੱਚਾ ਆਪ ਭੀ ਦਸ ਸਕਦਾ ਹੈ ਕਿ ਕਿਹੜੀ ਗੱਲ ਡਰ ਦਾ ਮੁਕਾਬਲਾ ਜਾਂ ਦੂਰ ਕਰਨ ਵਿਚ ਮੱਦਦ ਕਰਦੀ/ਕਰਦੀਆਂ ਹਨ।

ਉਨ੍ਹਾਂ ਤੋਂ ਆਸ ਕੀ ਰੱਖਣਗੇ ਦੋਸਤ ਦੋਸਤੀ ਵਰਗੀ
ਜੋ ਸੁੱਟਣ ਦੋਸਤਾਂ ਦੇ ਖਤ ਗਲ੍ਹੀ ਵਿਚ ਕਾਗ਼ਜ਼ਾਂ ਵਾਗੂੰ।

ਤਲੀ ਤੇ ਸਿਰ ਟਿਕਾ ਕੇ ਤੇਰੀਆਂ ਗਲ੍ਹੀਆਂ 'ਚ ਆਇਆ ਹਾਂ
ਕਿਤੇ ਡਰ ਕੇ ਨਾ ਬੂਹੇ ਢੋ ਲਵੀਂ ਤੂੰ ਬੁਜ਼ਦਿਲਾਂ ਵਾਗੂੰ।

ਅਸੀਂ ਨਵਤੇਜ ਕੁਝ ਸਿਖ ਕੇ ਤੇ ਕੁਝ ਸਿਖਲਾ ਕੇ ਜਾਵਾਂਗੇ
ਅਸੀਂ ਸਿਖਿਆਰਥੀ ਬਣਨਾ ਹੈ ਪਰ ਆਲੋਚਕਾਂ ਵਾਂਗੂੰ।

ਨਵਤੇਜ

ਰਾਜੀਵ ਜਾਣ-ਬੁਝ ਕੇ ਪੰਜਾਬ ਮਸਲਾ ਲਮਕਾ ਰਹੇ ਹਨ — ਮਿੱਤਲ

ਲੁਧਿਆਣਾ — ਭਾਰਤੀ ਜਨਤਾ ਪਾਰਟੀ ਪੰਜਾਬ ਦੇ ਪ੍ਰਧਾਨ ਮਦਨ ਮੋਹਨ ਮਿੱਤਲ ਨੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਉਤੇ ਦੋਸ਼ ਲਾਇਆ ਕਿ ਉਹ ਪੰਜਾਬ ਮਸਲੇ ਨੂੰ ਜਾਣ-ਬੁੱਝ ਕੇ ਲਟਕਾਈ ਜਾ ਰਹੇ ਹਨ ਤਾਂ ਜੋ ਲੋਕ ਸਭਾ ਚੋਣਾਂ ਦੌਰਾਨ ਇਸ ਤੋਂ ਫਾਇਦਾ ਉਠਾਇਆ ਜਾ ਸਕੇ। ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ੍ਰੀ ਮਿੱਤਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਸਤੰਬਰ ਵਿਚ ਆਪਣੇ ਪੰਜਾਬ ਦੌਰੇ ਸਮੇਂ ਕਿਹਾ ਸੀ ਕਿ ਉਹ ਛੇਤੀ ਹੀ ਪੰਜਾਬ ਮਸਲੇ ਦੇ ਹੱਲ ਲਈ ਇਕ ਸਰਬ ਪਾਰਟੀ ਮੀਟਿੰਗ ਸੱਦਣਗੇ। ਉਨ੍ਹਾਂ ਕਿਹਾ ਕਿ ਚਾਰ ਪੰਜ ਮਹੀਨੇ ਬੀਤ ਚੁਕੇ ਹਨ ਪਰ ਇਹ ਮੀਟਿੰਗ ਅਜੇ ਤੱਕ ਨਹੀਂ ਸੱਦੀ ਗਈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਕਾਂਗਰਸ (ਆਈ) ਨੂੰ ਇਕੋ ਇਕ ਧਰਮ ਨਿਰਪੱਖ ਪਾਰਟੀ ਦੱਸ ਰਹੇ ਹਨ ਜਦ ਕਿ ਦੂਜੀਆਂ ਪਾਰਟੀਆਂ ਨੂੰ ਉਹ ਫਿਰਕੂ ਆਖਦੇ ਹਨ। ਉਨ੍ਹਾਂ ਕਿਹਾ ਕਿ ਹਕੀਕਤ ਇਹ ਹੈ ਕਿ ਭਾਰਤੀ ਜਨਤਾ ਪਾਰਟੀ ਵੀ ਇਕ ਧਰਮ ਨਿਰਪੱਖ ਪਾਰਟੀ ਹੀ ਹੈ।

ਮਿੱਤਲ ਨੇ ਇਹ ਦੋਸ਼ ਵੀ ਲਾਇਆ ਕਿ ਕੇਂਦਰ ਸਰਕਾਰ ਨੇ ਪੰਜਾਬ ਮਸਲੇ ਨੂੰ ਸਿੱਖ ਮੁੱਦਾ ਹੀ ਸਮਝ ਰੱਖਿਆ ਹੈ ਜਦ ਕਿ ਪੰਜਾਬ ਮਸਲਾ ਸਮੂਹ ਪੰਜਾਬੀਆਂ ਨਾਲ ਸਬੰਧਿਤ ਹੈ। ਇਹ ਕਿਸੇ ਤਰ੍ਹਾਂ ਵੀ ਧਾਰਮਿਕ ਮਸਲਾ ਨਹੀਂ ਹੈ। ਉਨ੍ਹਾਂ ਕਿਹਾ ਕਿ ਗੈਰ-ਸਿੱਖਾਂ ਦੇ ਮਨਾਂ ਵਿਚ ਸਿੱਖ ਧਰਮ ਤੇ ਇਸ ਦੇ ਗ੍ਰੰਥਾਂ ਲਈ ਬਹੁਤ ਸਤਿਕਾਰ ਹੈ।

ਭਾਜਪਾ ਨੇਤਾ ਨੇ ਪੰਜਾਬ ਵਿਚ ਪੰਚਾਇਤ ਚੋਣਾਂ ਕਰਾਉਣ ਦੀ ਵੀ ਵਿਰੋਧਤਾ ਕੀਤੀ ਹੈ ਤੇ ਕਿਹਾ ਕਿ ਰਾਜਪਾਲ ਨੂੰ ਇਸ ਮਾਮਲੇ ਨੂੰ ਵਕਾਰ ਦਾ ਮਸਲਾ ਨਹੀਂ ਬਣਾਉਣਾ ਚਾਹੀਦਾ ਕਿਉਂਕਿ ਦਹਿਸ਼ਤਗਰਦਾਂ ਨੇ ਪੰਜਾਬ ਵਿਚ ਕਈ ਲੋਕਾਂ ਨੂੰ ਧਮਕੀ ਦਿੱਤੀ ਹੈ ਕਿ ਜੇਕਰ ਉਨ੍ਹਾਂ ਨੇ ਪੰਚਾਇਤ ਚੋਣਾਂ ਵਿਚ ਹਿਸਾ ਲਿਆ ਤਾਂ ਉਨ੍ਹਾਂ ਵਿਰੁਧ ਕਾਰਵਾਈ ਕੀਤੀ ਜਾਏਗੀ।

ਮਿੱਤਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਚਾਹੀਦਾ ਤਾਂ ਇਹ ਸੀ ਕਿ ਉਹ ਆਪਣੇ ਪਾਕਿਸਤਾਨ ਦੌਰੇ ਦੌਰਾਨ ਉਥੋਂ ਦੀ ਸਰਕਾਰ ਕੋਲੋਂ ਇਹ ਗਰੰਟੀ ਲੈਂਦੇ ਕਿ ਉਹ (ਪਾਕਿਸਤਾਨ ਸਰਕਾਰ) ਪਾਕਿਸਤਾਨ ਵਿਚ ਦਹਿਸ਼ਤਗਰਦਾਂ ਦੇ ਸਿਖਲਾਈ ਕੈਂਪ ਬੰਦ ਕਰ ਦਏਗੀ। ਉਨ੍ਹਾਂ ਨੇ ਅਕਾਲੀਆਂ ਨੂੰ ਸਲਾਹ ਦਿੱਤੀ ਕਿ ਉਹ ਦੇਸ਼ ਦੀ ਏਕਤਾ ਤੇ ਅਖੰਡਤਾ ਦੀ ਰਾਖੀ ਲਈ ਅੱਗੇ ਆਉਣ। ਉਨ੍ਹਾਂ ਨੇ ਜ਼ਿਲਿਆਂ ਦੀਆਂ ਸ਼ਿਕਾਇਤ ਕਮੇਟੀਆਂ ਵਿਚ ਸਭ ਰਾਜਸੀ ਪਾਰਟੀਆਂ ਨੂੰ ਪ੍ਰਤੀਨਿਧਤਾ ਦੇਣ ਦੀ ਵੀ ਮੰਗ ਕੀਤੀ।

ਲੋਕ ਸਭਾ ਚੋਣਾਂ ਅਪਰੈਲ ਮਹੀਨੇ ਵਿਚ — ਵੀ. ਪੀ. ਸਿੰਘ

ਨਵੀਂ ਦਿੱਲੀ — ਜਨਤਾ ਦਲ ਦੇ ਪ੍ਰਧਾਨ ਵੀ. ਪੀ. ਸਿੰਘ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਇਹ ਪੱਕੀ ਸੂਚਨਾ ਹੈ ਕਿ ਅਪਰੈਲ ਮਹੀਨੇ ਹਰ ਹਾਲਤ ਵਿਚ ਲੋਕ ਸਭਾ ਦੀਆਂ ਚੋਣਾਂ ਹੋਣਗੀਆਂ। ਉਹ ਇਥੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਸਨ। ਇਸ ਮੌਕੇ 'ਤੇ ਉਨ੍ਹਾਂ ਦੇ ਨਾਲ ਜਨਤਾ ਦਲ ਦੇ ਸਕੱਤਰ ਜਨਰਲ ਸ੍ਰੀ ਅਜੀਤ ਸਿੰਘ ਅਤੇ ਜਨਰਲ ਸਕੱਤਰ ਰਾਮ ਵਿਲਾਸ ਪਾਸਵਾਨ ਵੀ ਸ਼ਾਮਲ ਸਨ।

ਉਨ੍ਹਾਂ ਐਲਾਨ ਕੀਤਾ ਕਿ "ਮੇਰੀ ਪਾਰਟੀ ਚੋਣਾਂ ਲਈ ਤਿਆਰ ਹੈ", ਉਨ੍ਹਾਂ ਕਿਹਾ ਕਿ ਮੈਨੂੰ ਇਹ ਨਜ਼ਰ ਆ ਰਿਹਾ ਹੈ ਕਿ ਅਚਨਚੇਤੀ ਚੋਣਾਂ ਹੋਣੀਆਂ ਹਨ। ਜੇ ਇਹ ਹੋਈਆਂ ਤਾਂ ਅਸੀਂ ਵੀ ਅਚਨਚੇਤੀ ਜਿੱਤਾਂਗੇ। ਇਹ ਪੁਛੇ ਜਾਣ ਉਤੇ ਕਿ ਸਰਕਾਰ ਵਲੋਂ ਇਕ ਦਮ ਚੋਣਾਂ ਕਰਵਾਏ ਜਾਣ ਦਾ ਕੀ ਆਧਾਰ ਹੈ, ਸ੍ਰੀ ਸਿੰਘ ਨੇ ਕਿਹਾ ਕਿ ਸ਼ੇਅਰਾਂ ਦੀਆਂ ਕੀਮਤਾਂ ਡਿੱਗ ਰਹੀਆਂ ਹਨ, ਜ਼ਰੂਰੀ ਵਸਤਾਂ ਦੀਆਂ ਕੀਮਤਾਂ ਵੀ ਡਿੱਗ ਰਹੀਆਂ ਹਨ। ਇਹ ਲਈ ਸਾਰੇ ਸੰਕੇਤ ਚੋਣਾਂ ਦੇ ਹੀ ਹਨ। ਜਦੋਂ ਸ੍ਰੀ ਵੀ ਪੀ ਸਿੰਘ ਨੂੰ ਪੁੱਛਿਆ ਗਿਆ ਕਿ ਤੁਹਾਡੀ ਭਵਿੱਖਬਾਣੀ ਦਾ ਆਧਾਰ ਕੀ ਹੈ ਤਾਂ ਉਨ੍ਹਾਂ ਜਵਾਬ ਦਿੱਤਾ: "ਮੈਂ ਚੋਣਾਂ ਦੀ ਸੂਚਨਾ ਦੇਣ ਵਾਲੇ ਦਾ ਨਾਂ ਗੁਪਤ ਰੱਖਣਾ ਚਾਹੁੰਦਾ ਹਾਂ।" ਉਨ੍ਹਾਂ ਕਿਹਾ ਕਿ ਫਰਵਰੀ ਮਹੀਨੇ ਤੋਂ ਉਹ ਆਪਣੀ ਪਾਰਟੀ ਦੀ ਮੈਂਬਰਸ਼ਿਪ ਵਧਾਉਣ ਦੀ ਮੁਹਿੰਮ ਸ਼ੁਰੂ ਕਰਨਗੇ। ਉਨ੍ਹਾਂ ਆਖਿਆ ਕਿ ਜਨਤਾ ਦਲ ਦੇ ਅਹੁਦੇਦਾਰ ਪਾਰਟੀ ਸੰਵਿਧਾਨ ਤੇ ਪ੍ਰੋਗਰਾਮ ਪਾਸ ਹੋਣ ਪਿਛੋਂ ਨਿਯੁਕਤ ਕੀਤੇ ਗਏ ਹਨ। ਵੀ ਪੀ ਸਿੰਘ ਨੇ ਕਿਹਾ ਕਿ ਜਨਤਾ ਦਲ ਦੇ ਖੱਬੇ-ਪੱਖੀ ਪਾਰਟੀਆਂ ਨਾਲ ਚੰਗੇ ਸੰਬੰਧ ਹਨ ਅਤੇ ਉਹ ਚੋਣਾਂ ਵਿਚ ਉਨ੍ਹਾਂ ਦਾ ਸਹਿਯੋਗ ਲਏਗੀ।

ਭਾਰਤੀ ਜਨਤਾ ਪਾਰਟੀ ਦਾ ਜ਼ਿਕਰ ਕਰਦਿਆਂ ਵੀ ਪੀ ਸਿੰਘ ਨੇ ਕਿਹਾ ਕਿ ਦਲ ਇਸ ਬਾਰੇ ਅੰਤਮ ਫੈਸਲਾ ਲਏਗਾ। ਉਨ੍ਹਾਂ ਕਿਹਾ ਕਿ ਜਨਤਾ ਦਲ ਦੇ ਸੰਗਠਨ ਬਾਰੇ ਸਾਰੀਆਂ ਰਸਮਾਂ ਪੂਰੀਆਂ ਹੋ ਚੁੱਕੀਆਂ ਹਨ ਤੇ ਉਹ ਚੋਣ ਕਮਿਸ਼ਨ ਨੂੰ ਲਿਖਣਗੇ ਕਿ ਜਨਤਾ ਪਾਰਟੀ ਦਾ ਚੋਣ ਨਿਸ਼ਾਨ ਜਨਤਾ ਦਲ ਨੂੰ ਦੇ ਦਿੱਤਾ ਜਾਏ। ਕਰਨਾਟਕ ਸਰਕਾਰ ਦਾ ਜ਼ਿਕਰ ਕਰਦਿਆਂ ਜਨਤਾ ਦਲ ਦੇ ਨੇਤਾ ਨੇ ਕਿਹਾ ਕਿ ਕਰਨਾਟਕ ਸਰਕਾਰ ਨੂੰ ਜਨਤਾ ਦਲ ਦੀ ਸੂਬਾਈ ਲੀਡਰਸ਼ਿਪ ਦੀ ਆਲੋਚਨਾ ਕਾਰਨ ਕੋਈ ਖਤਰਾ ਨਹੀਂ ਹੈ। ਕਰਨਾਟਕ ਸਰਕਾਰ ਪੱਕੇ ਪੈਰਾਂ 'ਤੇ ਹੈ ਉਨ੍ਹਾਂ ਆਖਿਆ ਕਿ ਹਾਲ ਵਿਚ ਹੀ ਜਨਤਾ ਪਾਰਟੀ ਦੇ ਪੰਜ ਨੇਤਾਵਾਂ ਵਲੋਂ ਦਿੱਤੇ ਬਿਆਨ ਹੇਠ ਕੀਤੇ ਦਸਤਖਤਾਂ ਦੀ ਜਾਂਚ ਦਾ ਕੰਮ ਸ੍ਰੀ ਅਜੀਤ ਸਿੰਘ ਨੂੰ ਸੌਂਪਿਆ ਗਿਆ ਹੈ। ਯਾਦ ਰਹੇ ਕਿ ਇਸ ਬਿਆਨ ਉਤੇ ਕਰਨਾਟਕ ਦੇ ਸਿੰਚਾਈ ਮੰਤਰੀ ਐਚ ਡੀ ਦੇਵ ਗੌਦਾ ਦੇ ਦਸਤਖਤ ਹਨ। ਉਨ੍ਹਾਂ ਕਿਹਾ ਕਿ ਮੈਨੂੰ ਇਹ ਪਤਾ ਲੱਗਾ ਹੈ ਕਿ ਬਿਆਨ ਹੇਠ ਦਸਤਖਤ ਸ੍ਰੀ ਗੌਦਾ ਦੇ ਨਹੀਂ ਹਨ। ਜੇਕਰ ਪੰਜ ਨੇਤਾਵਾਂ ਵਲੋਂ ਜਾਰੀ ਇਹ ਬਿਆਨ ਸਹੀ ਪਾਇਆ ਗਿਆ ਤਾਂ ਇਨ੍ਹਾਂ ਸਭਨਾਂ ਨੂੰ ਜਨਤਾ ਦਲ ਦੇ ਸਭ ਅਹੁਦਿਆਂ ਤੋਂ ਫਾਰਗ ਕਰ ਦਿੱਤਾ ਜਾਏਗਾ। ਉਨ੍ਹਾਂ ਆਖਿਆ ਕਿ ਰਾਜਸੀ ਪਾਰਟੀਆਂ ਵਾਲੰਟੀਅਰ ਜਥੇਬੰਦੀਆਂ ਵਾਂਗ ਹੁੰਦੀਆਂ ਹਨ ਕਿਸੇ ਵੀ ਵਿਅਕਤੀ ਨੂੰ ਉਸ ਦੀ ਇੱਛਾ ਦੇ ਉਲਟ ਨਹੀਂ ਰੱਖਿਆ ਜਾਣਾ ਚਾਹੀਦਾ।

ਸ੍ਰੀ ਅਜੀਤ ਸਿੰਘ ਨੇ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਬਿਆਨ ਉਤੇ ਦੇਵ ਗੌਦਾ, ਸਈਅਦ ਸ਼ਹਾਬੁਦੀਨ, ਡਾਕਟਰ ਸੁਬਰਾਮਨੀਅਮ ਸਵਾਮੀ, ਡਾਕਟਰ ਸਰੋਜਨੀ ਮਹੀਸ਼ੀ ਅਤੇ ਇੰਦੂ ਭਾਈ ਪਟੇਲ ਨੇ ਬਿਆਨ ਦੇਣ ਤੋਂ ਪਹਿਲਾਂ ਮੇਰੇ ਨਾਲ ਕੋਈ ਵਿਚਾਰ-ਵਟਾਂਦਰਾ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਜਨਤਾ ਦਲ ਹੋਂਦ ਵਿਚ ਆ ਚੁਕਾ ਹੈ ਅਤੇ ਇਸ ਦਾ ਪ੍ਰੋਗਰਾਮ ਤੇ ਸੰਵਿਧਾਨ ਉਨ੍ਹਾਂ ਸਭਨਾਂ ਪਾਰਟੀਆਂ ਨੇ ਪ੍ਰਵਾਨ ਕੀਤਾ ਹੈ ਜੋ ਇਸ ਵਿਚ ਸ਼ਾਮਲ ਹੋਣਾ ਚਾਹੁੰਦੀਆਂ ਸਨ।

ਹਿੰਦ-ਪਾਕਿ ਵਿਚਾਲੇ ਵਪਾਰ ਲਈ ਵਾਹਗਾ ਤੇ ਅਟਾਰੀ ਸਰਹੱਦਾਂ ਨੂੰ ਖੋਲ੍ਹ ਦੇਣ ਦੀ ਮੰਗ

ਨਵੀਂ ਦਿੱਲੀ — ਜਿਉਂ ਜਿਉਂ ਭਾਰਤ ਪਾਕਿਸਤਾਨ ਵਿਚਾਲੇ ਸਹਿਯੋਗ ਅਤੇ ਮਿਲਵਰਤਣ ਦੀਆਂ ਆਸਾਂ ਵੱਧ ਰਹੀਆਂ ਹਨ ਤਿਉਂ-ਤਿਉਂ ਇਕ ਦੂਸਰੇ ਪਾਸੇ ਦੇ ਲੋਕਾਂ ਦੀਆਂ ਇਛਾਵਾਂ ਵੀ ਖੁਲੇਆਮ ਪ੍ਰਗਟ ਹੋਣ ਲੱਗੀਆਂ ਹਨ। ਦੋਵਾਂ ਪਾਸਿਆਂ ਦੇ ਵਪਾਰੀਆਂ ਅਤੇ ਸਨਅਤਕਾਰਾਂ ਨੇ ਆਪਣੀਆਂ ਆਪਣੀਆਂ ਸਰਕਾਰਾਂ ਉਤੇ ਜ਼ੋਰ ਪਾਇਆ ਹੈ ਕਿ ਦੋਵਾਂ ਦੇਸ਼ਾਂ ਵਿਚਾਲੇ ਅਜ਼ਾਦਾਨਾ ਵਪਾਰ ਲਈ ਅਟਾਰੀ ਅਤੇ ਵਾਹਗਾ ਸਰਹੱਦਾਂ ਖੋਹਲੀਆਂ ਜਾਣ। ਇਹ ਮੰਗ ਦੋਵਾਂ ਦੇਸ਼ਾਂ ਦੇ ਸਨਅਤਾਂ ਤੇ ਵਪਾਰ ਬਾਰੇ ਬੋਰਡ ਦੇ ਸਾਂਝੇ ਇਜਲਾਸ ਵਿਚ ਕੀਤੀ ਗਈ। ਇਹ ਇਜਲਾਸ ਦਿੱਲੀ ਵਿਚ ਹੋਇਆ।

ਭਾਰਤੀ ਵਫਦ ਦੀ ਅਗਵਾਈ ਡਬਲੀਊ ਐਨ ਤਲਵਾੜ ਨੇ ਕੀਤੀ। ਪਾਕਿਸਤਾਨ ਵਿਚ ਜਮਹੂਰੀ ਸਰਕਾਰ ਕਾਇਮ ਹੋਣ ਬਾਅਦ ਆਸ ਪ੍ਰਗਟ ਕੀਤੀ ਗਈ ਹੈ ਕਿ ਹੁਣ ਵਪਾਰ ਨੂੰ ਆਸਾਨੀ ਨਾਲ ਵਿਕਸਤ ਕੀਤਾ ਜਾ ਸਕਦਾ ਹੈ। ਪਾਕਿਸਤਾਨੀ ਬੋਰਡ ਦੇ ਪ੍ਰਧਾਨ ਤਾਰਕ ਸਈਅਦ ਨੇ ਕਿਹਾ ਹੈ ਕਿ ਹੁਣ ਦੋਵਾਂ ਦੇਸ਼ਾਂ ਵਿਚ ਵਪਾਰ ਵਧਾਉਣ ਦੇ ਮੌਕੇ ਹਨ। ਲੋੜ ਹੈ ਜਿਹਨਾਂ ਵਸਤਾਂ ਦਾ ਵਪਾਰ ਪਹਿਲਾਂ ਸਮੇਂ ਸਮੇਂ ਹੁੰਦਾ ਹੈ ਉਹਨਾਂ ਤੋਂ ਇਲਾਵਾ ਹੋਰ ਚੀਜ਼ਾਂ ਵੀ ਸੂਚੀ ਵਿਚ ਸ਼ਾਮਲ ਕੀਤੀਆਂ ਜਾਣ। ਉਹਨਾਂ ਦੱਸਿਆ ਕਿ ਪਹਿਲਾਂ ਕੇਵਲ 249 ਚੀਜ਼ਾਂ ਦਾ ਵਪਾਰ ਹੁੰਦਾ ਰਿਹਾ ਹੈ ਪਰ ਹੁਣ ਇਹ ਸੂਚੀ ਦੋ ਹਜ਼ਾਰ ਤੱਕ ਵਧਾਈ ਜਾਣੀ ਚਾਹੀਦੀ ਹੈ ਅਤੇ ਇਹ ਚੀਜ਼ਾਂ ਭਾਰਤ ਤੋਂ ਮੰਗਵਾਣ ਦੀ ਆਗਿਆ ਦਿੱਤੀ ਜਾਣੀ ਚਾਹੀਦੀ ਹੈ। ਯਾਦ ਰਹੇ ਸਟੇਟ ਬੈਂਕ ਆਫ ਪਾਕਿਸਤਾਨ ਨੂੰ ਨਿਸ਼ਚਤ ਚੀਜ਼ਾਂ ਲਈ ਐਲ ਸੀ ਖੋਲਣ ਦੇ ਅਧਿਕਾਰ ਪ੍ਰਾਪਤ ਹਨ।

ਪੰਜਾਬੀ ਲੇਖਕ ਮੰਚ ਵੈਨਕੂਵਰ ਦੀ ਮਾਸਿਕ ਸਾਹਿਤਕ ਮੀਟਿੰਗ

ਬਲਦੇਵ ਦੂਹੜੇ, ਨਰਿੰਦਰ ਬਾਹੀਆ ਨਵੇਂ ਕੋਆਰਡੀਨੇਟਰ ਨਿਯੁਕਤ

ਅਗਲੀ ਮੀਟਿੰਗ 4 ਫਰਵਰੀ 1989 — 4 ਵਜੇ ਸ਼ਾਮ

ਵੈਨਕੂਵਰ — 7 ਜਨਵਰੀ 1989 ਨੂੰ ਪੰਜਾਬੀ ਲੇਖਕ ਮੰਚ ਦੀ ਮੀਟਿੰਗ ਹੋਈ ਜਿਸ ਵਿਚ ਸਾਧੂ ਨੇ ਆਪਣੀ ਕਹਾਣੀ 'ਫਾਰਮਰ ਜੈਰੀ' ਦੋਬਾਰਾ ਪੜ੍ਹੀ ਕਿਉਂਕਿ ਪਿਛਲੀ ਮੀਟਿੰਗ ਵਿਚ ਸਮੇਂ ਦੀ ਘਾਟ ਕਾਰਨ ਉਸ ਸਮੇਂ ਵਿਚਾਰ ਵਟਾਂਦਰਾ ਨਹੀਂ ਸੀ ਹੋ ਸਕਿਆ। ਮਹਿੰਦਰ ਸੂਮਲ ਨੇ 'ਸਿਖਿਆ' ਪੜ੍ਹੀ ਜੋ ਉਸ ਨੇ ਆਪਣੇ ਇਕ ਸੰਬੰਧੀ ਪਰਵਾਰ ਦੀ ਧੀ ਦੇ ਵਿਆਹ ਸਮੇਂ ਲਿਖੀ ਸੀ : "ਧੀਏ ਨੀ ਤੂੰ ਆਪਣਾ ਪੈਂਡਾ ਆਪ ਤੁਰੀਂ।" ਉਨ੍ਹਾਂ ਇਕ ਨਜ਼ਮ ਸੁਣਾਈ : 'ਜੇ ਬਦਕਿਸਮਤ ਦੇਸ਼ ਦੀਆਂ ਡੋਰਾਂ ਹੱਥ ਹੋਣ ਸ਼ੁਦਾਈਆਂ ਦੇ।'

ਮੰਗਾ ਸਿੰਘ 'ਬਾਸੀ' ਨੇ ਕਵਿਤਾ 'ਥੋਹਰ' ਸੁਣਾਈ : ਕਿਸ ਸਾਡੇ ਵੇਹੜੇ ਲਾਏ ਨੀ ਥੋਹਰਾਂ ਦੇ ਬੂਟੇ। ਬਲਦੇਵ ਦੂਹੜੇ ਨੇ ਇਕ ਕਵਿਤਾ ਅਤੇ ਨਰਿੰਦਰ ਬਾਹੀਆ ਨੇ ਕੁਝ ਸ਼ੇਅਰ ਸੁਣਾਏ। ਗੁਰਮੇਲ ਨੇ ਇਕ ਵਿਅੰਗਆਤਮਕ ਕਵਿਤਾ ਸੁਣਾਈ : ਸਾਰੇ ਜਹਾਂ ਸੇ ਅਛਾ ਹਿੰਦੋਸਤਾਂ ਹਮਾਰਾ। ਅਮਰ ਸਿੰਘ ਬੈਨੀਪਾਲ ਨੇ ਕਵਿਤਾ 'ਦੁਹਾਈ' ਸੁਣਾਈ ਜਿਸ ਵਿਚ ਪੰਜਾਬ ਦੀ ਅਜੋਕੀ ਦਸ਼ਾ ਦਾ ਵਰਨਣ ਸੀ। ਗੁਰਚਰਨ ਰਾਮਪੁਰੀ ਨੇ ਆਪਣੀ ਕਵਿਤਾ 'ਜੀਵਨ ਦੀ ਤਸਵੀਰ ਅਨੰਤੀ' ਸੁਣਾਈ।

ਰਚਨਾਵਾਂ ਉਤੇ ਭਰਪੂਰ ਵਿਚਾਰ ਵਟਾਂਦਰਾ ਹੋਇਆ। ਜਿਸ ਵਿਚ ਦਰਸ਼ਨ ਗਿੱਲ, ਸੋਹਣ ਸੁਰਿੰਦਰ ਸੰਘਾ, ਸੁਖਵੰਤ ਹੁੰਦਲ ਤੇ ਗੁਰਦਿਆਲ ਸਿੰਘ ਲੋਪੋ ਨੇ ਹਿਸਾ ਲਿਆ। ਹਾਊਸ ਵਲੋਂ ਸਾਲ 1988 ਦੇ ਕੋਆਰਡੀਨੇਟਰਾਂ ਦਾ ਧੰਨਵਾਦ ਕੀਤਾ ਗਿਆ। ਸਾਲ 1989 ਲਈ ਬਲਦੇਵ ਦੂਹੜੇ ਅਤੇ ਨਰਿੰਦਰ ਬਾਹੀਆ ਨੂੰ ਸਰਬ ਸੰਮਤੀ ਨਾਲ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ। ਗੁਰਚਰਨ ਰਾਮਪੁਰੀ ਨੇ 1988 ਦਾ ਹਿਸਾਬ ਕਿਤਾਬ ਅਤੇ ਕਵੀ ਸੰਤੋਖ ਸਿੰਘ 'ਧੀਰ' ਸਹਾਇਤਾ ਟ੍ਰਸਟ ਫੰਡ ਦੀ ਰਿਪੋਰਟ ਪੇਸ਼ ਕੀਤੀ, ਜਿਸ ਦੀ ਪਰਵਾਨਗੀ ਦਿੱਤੀ ਗਈ।

ਅਗਲੀ ਮੀਟਿੰਗ 4 ਫਰਵਰੀ 1989 ਸ਼ਨਿਚਰਵਾਰ ਨੂੰ ਸ਼ਾਮ ਦੇ 4 ਵਜੇ ਲਿਟਲ ਮਾਊਂਟੇਨ ਨੇਬਰ ਹੁੱਡ ਹਾਊਸ ਵੈਨਕੂਵਰ ਵਿਖੇ ਹੋਵੇਗੀ।

ਨਰਿੰਦਰ ਬਾਹੀਆ ਨੇ 50 ਡਾਲਰ ਸੰਤੋਖ ਸਿੰਘ ਧੀਰ ਸਹਾਇਤਾ ਫੰਡ ਲਈ ਦਿੱਤੇ।

ਮੰਡ 'ਚੋਂ ਦਹਿਸ਼ਤਗਰਦਾਂ ਨੂੰ ਕੱਢਣ 'ਚ ਸਫਲਤਾ

ਲੁਧਿਆਣਾ — ਸੁਰੱਖਿਆ ਦਲਾਂ ਨੇ ਜ਼ਬਰਦਸਤ ਮੁਹਿਮ ਦੌਰਾਨ ਕਪੂਰਥਲਾ, ਅੰਮ੍ਰਿਤਸਰ ਤੇ ਫਿਰੋਜ਼ਪੁਰ ਜ਼ਿਲਿਆਂ ਦੇ ਮੰਡ ਇਲਾਕੇ ਵਿਚ ਦਹਿਸ਼ਤਪਸੰਦਾਂ ਨੂੰ ਕੱਢਣ ਵਿਚ ਕਾਫੀ ਸਫਲਤਾ ਹਾਸਲ ਕੀਤੀ ਹੈ। ਦਹਿਸ਼ਤਗਰਦਾਂ ਦੇ ਅੱਡਿਆਂ ਉਤੇ ਛਾਪੇ ਮਾਰੇ ਗਏ ਅਤੇ ਇਥੋਂ ਤੱਕ ਕਿ ਮੰਡ ਵਿਚੋਂ ਦਹਿਸ਼ਤਗਰਦਾਂ ਦੇ ਟਿਕਾਣਿਆਂ ਦਾ ਪਤਾ ਕਰਨ ਲਈ ਹੈਲੀਕਾਪਟਰ ਦੀ ਵਰਤੋਂ ਵੀ ਕੀਤੀ ਗਈ। ਸੁਰੱਖਿਆ ਦਲਾਂ ਨੇ ਮੁਹਿਮ ਦੌਰਾਨ ਫਿਰੋਜ਼ਪੁਰ ਜ਼ਿਲੇ ਦੇ ਮਖੂ ਇਲਾਕੇ ਵਿਚ ਇਕ ਕੱਚੇ ਘਰ ਦਾ ਪਤਾ ਲਾਇਆ। ਇਸ ਘਰ ਵਿਚੋਂ ਕੁਝ ਬਿਸਤਰੇ ਅਤੇ ਖਾਲਿਸਤਾਨੀ ਸਾਹਿਤ ਬਰਾਮਦ ਹੋਇਆ।

ਦੱਸਿਆ ਜਾਂਦਾ ਹੈ ਕਿ ਇਹ ਟਿਕਾਣਾ ਖਾਲਿਸਤਾਨ ਕਮਾਂਡੋ ਫੋਰਸ ਨਾਲ ਸੰਬੰਧਤ ਨਿਸ਼ਾਨ ਸਿੰਘ ਦੇ ਗਰੁਪ ਦਾ ਸੀ। ਪੰਜਾਬ ਪੁਲੀਸ ਦੇ ਸੂਤਰਾਂ ਅਨੁਸਾਰ ਪਿਛਲੇ ਦਿਨੀਂ 5 ਬੱਸ ਯਾਤਰੀਆਂ ਦੀ ਹੱਤਿਆ ਲਈ ਨਿਸ਼ਾਨ ਸਿੰਘ ਦਾ ਗਰੁਪ ਹੀ ਜ਼ਿਮੇਂਵਾਰ ਸੀ।

ਪੰਜਾਬ ਪੁਲੀਸ ਦੇ ਸੂਤਰਾਂ ਨੇ ਇਹ ਦਾਅਵਾ ਵੀ ਕੀਤਾ ਕਿ ਤਿੰਨ ਖਤਰਨਾਕ ਦਹਿਸ਼ਤਪਸੰਦ ਮੁਹਿਮ ਦੌਰਾਨ ਪੁਲੀਸ ਮੁਕਾਬਲੇ ਵਿਚ ਮਾਰੇ ਗਏ। ਸੂਤਰਾਂ ਅਨੁਸਾਰ ਸੁਰੱਖਿਆ ਦਲਾਂ ਵਲੋਂ ਕੀਤੀ ਕਾਰਵਾਈ ਦਾ ਸਿੱਟਾ ਇਹ ਨਿਕਲਿਆ ਕਿ ਦਹਿਸ਼ਤਗਰਦ ਆਪਣੇ ਟਿਕਾਣਿਆਂ ਵਿਚੋਂ ਭੱਜਣ ਲਈ ਮਜਬੂਰ ਹੋ ਗਏ। ਭਾਵੇਂ ਇਹ ਖਬਰਾਂ ਆਈਆਂ ਹਨ ਕਿ ਪਾਕਿਸਤਾਨ ਵਿਚ ਸ਼ਰਨ ਲਈ ਬੈਠੇ ਪੰਥਕ ਕਮੇਟੀ ਦੇ ਮੈਂਬਰ ਵੱਸਣ ਸਿੰਘ ਜ਼ਫਰਵਾਲ ਤੇ ਕੁਝ ਹੋਰ ਉਚ ਪੱਧਰੀ ਦਹਿਸ਼ਤਗਰਦ ਪੰਜਾਬ ਵਿਚ ਦਾਖਲ ਹੋ ਚੁਕੇ ਹਨ ਪਰ ਅਜੇ ਤੱਕ ਉਨ੍ਹਾਂ ਦੇ ਪੰਜਾਬ ਵਿਚ ਦਾਖਲੇ ਦੀ ਪੁਸ਼ਟੀ ਨਹੀਂ ਹੋ ਸਕੀ।

ਪੰਜਾਬ ਪੁਲਸ ਦੇ ਸੂਤਰਾਂ ਅਨੁਸਾਰ ਉਹ ਬੇਨਜ਼ੀਰ ਸਰਕਾਰ ਵਲੋਂ ਦਿੱਤੇ ਇਸ ਭਰੋਸੇ ਪਿਛੋਂ ਸਥਿਤੀ ਉਤੇ ਕੜੀ ਨਿਗਾਹ ਰਖ ਰਹੇ ਹਨ ਕਿ ਉਹ ਦਹਿਸ਼ਤਗਰਦਾਂ ਨੂੰ ਪਾਕਿਸਤਾਨ ਵਿਚ ਸ਼ਰਨ ਨਹੀਂ ਦਏਗੀ।

ਪੁਲੀਸ ਦੇ ਸੁਰੱਖਿਆ ਦਲ ਅੰਮ੍ਰਿਤਸਰ ਵਿਚ ਹਾਲ ਵਿਚ ਹੀ ਹੋਏ ਬੰਬ ਧਮਾਕੇ ਤੋਂ ਹੋਰ ਵੀ ਚੁਕੰਨੇ ਹੋ ਗਏ ਹਨ। ਪੁਲੀਸ ਨੂੰ ਇਹ ਪੱਕਾ ਯਕੀਨ ਹੈ ਕਿ ਅੰਮ੍ਰਿਤਸਰ ਵਿਚ ਹੋਇਆ ਬੰਬ ਧਮਾਕਾ ਬੱਬਰ ਖਾਲਸਾ ਨੇ ਕੀਤਾ ਸੀ।

ਕੈਨੇਡਾ ਵਿਚ ਬਜ਼ੁਰਗ

ਗੁਰਨਾਮ ਸਿੰਘ ਸੰਘੇੜਾ

ਕੈਨੇਡਾ ਵਿਚ ਰੀਟਾਇਰ ਹੋਏ ਜਾਂ 65 ਸਾਲਾਂ ਦੀ ਉਮਰ ਤੋਂ ਵੱਡੇ ਬਜ਼ੁਰਗਾਂ ਦੀ ਗਿਣਤੀ ਵਧ ਰਹੀ ਹੈ। ਇਹ ਭੀ ਖਦਸ਼ਾ ਪ੍ਰਗਟ ਕੀਤਾ ਜਾ ਰਿਹਾ ਹੈ ਕਿ ਸਾਲ 2001 ਵਿਚ ਪੈਨਸ਼ਨ ਫੰਡ ਭੀ ਘੱਟ ਹੋਣਗੇ ਕਿਉਂਕਿ ਬੱਚੇ ਘੱਟ ਪੈਦਾ ਹੋ ਰਹੇ ਹਨ ਅਤੇ ਕੰਮ ਕਰਨ ਵਾਲਿਆਂ ਦੀ ਆਬਾਦੀ ਘਟ ਜਾਏ। ਖੈਰ ਇਹ ਇਕ ਜੁਦਾ ਵਿਸ਼ਾ ਹੈ ਕਿਉਂਕਿ ਟੈਕਨੌਲੋਜੀ ਦੀ ਉਨਤੀ ਨੇ ਮਸ਼ੀਨਾਂ ਤੋਂ ਕਾਫੀ ਕੰਮ ਕਰਵਾ ਲੈਣਾ ਹੈ। ਸਾਇੰਸ ਅਤੇ ਮੈਡੀਕਲ ਕਾਢਾਂ ਤੇ ਵਿਕਾਸ ਨੇ ਭੀ ਲੰਮੀ ਉਮਰ ਅਤੇ ਚੰਗੀ ਸਿਹਤ ਵਿਚ ਵਾਧਾ ਕੀਤਾ ਹੈ ਜਿਸ ਨਾਲ ਸੋਸ਼ਲ ਪਾਲਸੀ ਤੇ ਭੀ ਅਸਰ ਪਿਆ ਹੈ। ਕਿਉਂਕਿ ਬੁਢਾਪੇ ਵਿਚ ਜਿਸਮਾਨੀ ਕਮਜ਼ੋਰੀ ਤਾਂ ਹੁੰਦੀ ਹੈ ਜਿਸ ਕਰਕੇ ਸਿਹਤ ਸੰਭਾਲ ਦੀਆਂ ਸੇਵਾਵਾਂ ਅਤੇ ਰਿਹਾਇਸ਼ ਬਾਰੇ ਭੀ ਪ੍ਰਬੰਧ ਦੀ ਲੋੜ ਹੈ। ਸਾਡੇ ਭਾਰਤੀ ਬਜ਼ੁਰਗਾਂ ਦੇ ਕੁਝ ਵਖਰੇ ਮਸਲੇ ਹਨ। (ਜਿਵੇਂ ਅੰਗਰੇਜ਼ੀ ਜ਼ਬਾਨ, ਇਥੇ ਮਾਹੌਲ ਦੀ ਘੱਟ ਜਾਣਕਾਰੀ, ਘੱਟ ਬਜ਼ੁਰਗਾਂ ਨੂੰ ਪੈਨਸ਼ਨਾਂ ਅਤੇ ਪੈਨਸ਼ਨਾਂ ਦੀ ਘਾਟ ਆਦਿ)।

ਕੈਨੇਡਾ ਦੇ ਬਜ਼ੁਰਗਾਂ ਦੀ 65 ਸਾਲ ਦੀ ਉਮਰ ਤੋਂ ਵੱਡਿਆਂ ਦੀ ਗਿਣਤੀ ਵਿਚ — (1966 ਤੋਂ 1986 ਤਕ) 75 ਫੀਸਦੀ ਵਾਧਾ ਹੋਇਆ। ਭਾਵ ਇਹ ਕਿ ਉਹਨਾਂ ਦੀ ਗਿਣਤੀ ਪੰਦਰਾਂ ਲੱਖ ਤੋਂ ਸਤਾਈ ਲੱਖ ਹੋ ਗਈ ਹੈ (ਸੋ ਲੰਮੀ ਉਮਰ ਵਿਚ ਵਾਧਾ)। ਪਰ 1966 ਤੋਂ 1986 ਤਕ 65 ਸਾਲ ਦੀ ਉਮਰ ਤੋਂ ਘੱਟ ਦੀ ਆਬਾਦੀ ਵਿਚ ਸਿਰਫ 22 ਫੀ ਸਦੀ ਵਾਧਾ ਹੋਇਆ। ਇਸ ਦੇ ਨਾਲ ਬਜ਼ੁਰਗਾਂ ਦੀ ਆਮਦਨ ਰਹਿਣ ਸਹਿਣ ਦਾ ਢੰਗ ਅਤੇ ਪਰਿਵਾਰ ਤੇ ਸਿਹਤ ਦੇ ਮਸਲੇ ਬੱਝੇ ਹੋਏ ਹਨ। ਅੰਕੜੇ ਇਹ ਦੱਸਦੇ ਹਨ ਕਿ ਅੱਜ ਦੇ ਬਜ਼ੁਰਗਾਂ ਦੀ ਮਾਇਕ ਹਾਲਤ (ਉਹ ਚਾਹੇ ਪੈਨਸ਼ਨ, ਬਜ਼ੁਰਗਾਂ ਆਮਦਨ ਸੁਰੱਖਿਆ — ਓਲਡ ਏਜ਼ ਸਕਿਉਰਿਟੀ; ਜਾਂ ਗਰੰਟੀ ਸ਼ੁਦਾ ਆਮਦਨ ਸਪਲੀਮੈਂਟ ਹੋਵੇ)। ਕੁਝ ਨੂੰ ਪ੍ਰਾਈਵੇਟ ਜਾਂ ਕੰਮ ਦੀਆਂ ਪੈਨਸ਼ਨਾਂ ਭੀ ਹਨ। ਰੀਪੋਰਟਾਂ ਇਹ ਦੱਸਦੀਆਂ ਹਨ ਕਿ ਇਥੇ ਦੇ ਕੰਮ ਕਰਦੇ ਰੀਟਾਇਰ ਹੋਏ ਬਜ਼ੁਰਗਾਂ ਦੀ ਪਹਿਲੇ ਬਜ਼ੁਰਗਾਂ ਤੇ ਪਹਿਲੇ ਸਮਿਆਂ ਨਾਲੋਂ ਚੰਗੀ ਹੈ। ਰੀਪੋਰਟ ਹੈ ਕਿ 1971 ਤੋਂ 1986 ਤਕ ਬਜ਼ੁਰਗ ਪਤੀ ਤੇ ਪਤਨੀ ਦੀ ਆਮਦਨ ਵਿਚ 37 ਫੀਸਦੀ ਵਾਧਾ ਹੋਇਆ ਜਦੋਂ ਕਿ ਇਸ ਹੀ ਸਮੇਂ ਵਿਚ 25 ਸਾਲ ਤੋਂ 64 ਸਾਲ ਦੀ ਉਮਰ ਦੇ ਜੋੜਿਆਂ ਦੀ ਆਮਦਨ ਵਿਚ 27 ਫੀਸਦੀ ਵਾਧਾ ਹੋਇਆ। ਪਰ ਅਸਲੀਅਤ ਵਿਚ ਬਜ਼ੁਰਗਾਂ ਦੀ ਆਮਦਨ ਵਿਚ ਵਾਧਾ ਤਾਂ ਸਿਰਫ ਕੈਨੇਡਾ/ਕਿਊਬਿਕ ਪੈਨਸ਼ਨ ਪਲੈਨ, ਓਲਡ ਏਜ਼ ਸਕਿਉਰਿਟੀ ਅਤੇ ਗਰੰਟੀ ਸ਼ੁਦਾ ਆਮਦਨ ਸਪਲੀਮੈਂਟ ਕਾਰਨ ਹੋਇਆ।

ਪਰ ਅਸਲੀਅਤ ਇਹ ਹੈ ਕਿ ਬਜ਼ੁਰਗਾਂ ਦੀ ਆਮਦਨ ਤਾਂ ਆਮ ਲੋਕਾਂ ਦੇ ਮੁਕਾਬਲੇ ਤੇ ਘੱਟ ਹੈ ਜਿਹੜੀ ਕਿ ਕੰਮ ਕਰਦੇ ਲੋਕਾਂ ਦੀ ਆਮਦਨ ਦਾ 63 ਫੀਸਦੀ ਹੈ। 1986 ਵਿਚ ਇਕੱਲੇ ਬਜ਼ੁਰਗ ਆਦਮੀ ਦੀ ਸਾਲਾਨਾ ਆਮਦਨ ਕੋਈ ਤੇਰਾਂ ਹਜ਼ਾਰ ਡਾਲਰ ਅਤੇ ਇਕੱਲੀ ਬਜ਼ੁਰਗ ਔਰਤ ਦੀ ਕੋਈ ਬਾਰਾਂ ਹਜ਼ਾਰ ਡਾਲਰ ਸੀ। ਗਰੀਬੀ ਵਿਚ ਰਹਿ ਰਹੇ ਬਜ਼ੁਰਗਾਂ (ਜਿਹਨਾਂ ਦੀ ਆਮਦਨ ਦਾ ਸਾਢੇ ਅਠਵੰਜਾਂ ਫੀ ਸਦੀ ਹਿਸਾ ਖੁਰਾਕ ਅਤੇ ਕਿਰਾਏ ਜਾਂ ਰਿਹਾਇਸ਼ ਤੇ ਲਗਦਾ ਹੈ) ਦੀ ਗਿਣਤੀ 19 ਫੀਸਦੀ ਹੈ। 16 ਤੋਂ 64 ਸਾਲ ਦੀ ਉਮਰ ਵਾਲੇ ਗਰੀਬ ਪਰਿਵਾਰਾਂ ਦੀ ਗਿਣਤੀ ਵਿਚ ਭੀ ਵਾਧਾ ਹੋਇਆ ਹੈ। ਬਜ਼ੁਰਗ ਇਕੱਲੀਆਂ ਔਰਤਾਂ ਦਾ 46 ਫੀ ਸਦੀ ਹਿਸਾ ਭੀ ਗਰੀਬੀ ਦੀ ਲਕੀਰ ਤੋਂ ਥੱਲੇ ਰਹਿ ਰਿਹਾ ਹੈ। ਸੋ ਬਜ਼ੁਰਗਾਂ ਲਈ ਪੈਨਸ਼ਨ ਅਤੇ ਗਰੰਟੀ ਸ਼ੁਦਾ ਆਮਦਨ ਦੀ ਬਹੁਤ ਅਹਿਮੀਅਤ ਹੈ ਕਿਉਂਕਿ ਮੋਟੇ ਤੌਰ ਤੇ ਇਹ ਚੀਜ਼ਾਂ ਆਮਦਨ ਦਾ 52 ਫੀਸਦੀ ਭਾਗ ਹਨ। ਇਸ ਉਮਰ ਵਿਚ ਪ੍ਰਾਈਵੇਟ ਆਮਦਨ ਬਹੁਤ ਘੱਟ ਅਤੇ ਜੇ ਹੈ ਤਾਂ ਉਹ ਘੱਟ ਬੰਦਿਆਂ ਦੀ ਹੈ। ਜਿਹੜੇ ਲੋਕਾਂ ਨੇ ਧਨ ਨੂੰ ਕਿਤੇ ਲਾਇਆ ਹੋਇਆ ਜਾਂ ਇਨਵੈਸਟ ਕੀਤਾ ਹੋਇਆ ਹੈ, ਉਹ ਸੌਖੇ ਹਨ। ਕੰਮਾਂ ਤੋਂ ਪ੍ਰਾਈਵੇਟ ਪੈਨਸ਼ਨਾਂ ਭੀ ਹਨ ਜਿਵੇਂ 48 ਫੀਸਦੀ ਬਜ਼ੁਰਗ ਆਦਮੀਆਂ ਨੂੰ ਪ੍ਰਾਈਵੇਟ ਪੈਨਸ਼ਨਾਂ ਭੀ ਹਨ।

ਕੁਝ ਬਜ਼ੁਰਗਾਂ ਦਾ ਧਨ ਉਹਨਾਂ ਦੇ ਘਰਾਂ ਆਦਿ ਦੀ ਸ਼ਕਲ ਵਿਚ ਭੀ ਹੈ। ਜਿਵੇਂ ਔਸਤ ਬਜ਼ੁਰਗ ਪਰਿਵਾਰ ਦੀ ਸੰਪਤੀ ਕੋਈ ਸਵਾ ਲੱਖ ਡਾਲਰ ਹੈ ਜਦੋਂ ਕਿ ਇਕੱਲੇ ਬਜ਼ੁਰਗ ਦੀ ਉਕੀ ਪੁੱਕੀ ਸੰਪਤੀ ਕੋਈ ਪੰਜਾਹ ਹਜ਼ਾਰ ਡਾਲਰ ਹੈ। ਬਜ਼ੁਰਗ ਪਰਿਵਾਰਾਂ ਦੇ ਅੱਸੀ ਫੀ ਸਦੀ ਭਾਗ ਪਾਸ ਆਪਣੇ ਘਰ ਹਨ ਜਦੋਂ ਕਿ ਦੇਸ਼ ਦੇ ਸਾਰੇ ਪਰਿਵਾਰਾਂ ਦੇ ਸੱਤਰ ਫੀਸਦੀ ਹਿੱਸੇ ਪਾਸ ਘਰ ਹਨ। ਇਸ ਹੀ ਤਰ੍ਹਾਂ ਬਜ਼ੁਰਗਾਂ ਦੇ 91 ਫੀਸਦੀ ਦੇ ਘਰਾਂ ਉਪਰ ਕੋਈ ਕਰਜ਼ਾ ਨਹੀਂ ਤੇ ਦੇਸ਼ ਦੇ ਆਮ ਘਰਾਂ ਦੇ ਮਾਲਕਾਂ ਦੇ 48 ਫੀਸਦੀ ਹਿੱਸੇ ਦੇ ਘਰ ਨਕਦ ਹਨ।

ਪਰ ਇਥੇ ਦੇ ਬਜ਼ੁਰਗ ਆਮ ਤੌਰ ਤੇ ਹੀ ਬੱਚਿਆਂ ਤੋਂ ਜੁਦੇ ਇਕੱਲੇ ਰਹਿੰਦੇ ਹਨ। ਆਮ ਤੌਰ ਤੇ ਭਾਰਤੀ ਬਜ਼ੁਰਗ ਆਪਣੇ ਬੱਚਿਆਂ ਤੇ ਪਰਿਵਾਰਾਂ ਨਾਲ ਰਹਿੰਦੇ ਹਨ। (ਭਾਵੇਂ ਕੁਝ ਮਾਂ-ਬਾਪ ਤੇ ਬੱਚੇ ਜੁਦੇ ਜੁਦੇ ਭੀ ਰਹਿੰਦੇ ਹਨ) ਇਕੱਠੇ ਪਰਿਵਾਰਾਂ ਵਿਚ ਤਣਾਅ ਤੇ ਔਕੜਾਂ ਪੇਸ਼ ਆ ਸਕਦੀਆਂ ਹਨ ਪਰ ਇਕੱਠੇ ਪਰਿਵਾਰਾਂ ਦੇ ਲਾਭ ਬਹੁਤ ਜ਼ਿਆਦਾ ਹਨ। ਇਸ ਨਾਲ ਸਿਰਫ ਬੱਚਿਆਂ ਤੇ ਪੋਤੇ ਪੋਤੀਆਂ ਆਦਿ ਨੂੰ ਜਾਂ ਆਪ ਨੂੰ ਲਾਭ ਨਹੀਂ ਬਲਕਿ ਭਾਸ਼ਾ, ਸਭਿਆਚਾਰ ਤੇ ਹੋਰ ਸਮਾਜਿਕ ਲਾਭ ਹਨ। ਹੁਣ ਤਾਂ ਉਤਰੀ ਅਮਰੀਕਾ ਦਾ ਸਮਾਜ ਭੀ ਚਾਹੁੰਦਾ ਹੈ ਕਿ ਬਜ਼ੁਰਗਾਂ ਨੂੰ ਕਮਿਊਨਿਟੀ ਵਿਚ ਜਾਂ ਪਰਿਵਾਰਾਂ ਦੀ ਪਹੁੰਚ ਅੰਦਰ ਰੱਖਣਾ ਚਾਹੀਦਾ ਹੈ ਤੇ ਸਿਹਤ ਸੰਭਾਲ ਕਰਨੀ ਚਾਹੀਦੀ ਹੈ।

ਕੈਨੇਡਾ ਦੇ 75 ਸਾਲ ਦੀ ਉਮਰ ਤੋਂ ਉਪਰ ਦੇ ਬਜ਼ੁਰਗਾਂ ਨੂੰ ਆਪਣੇ ਆਪ ਨੂੰ ਕਾਫੀ ਢਲਣਾ ਪੈਂਦਾ ਹੈ ਅਤੇ ਇਸ ਉਮਰ ਦੀ ਆਬਾਦੀ ਵੱਧ ਰਹੀ ਹੈ। 1971 ਵਿਚ ਬਿਲਕੁਲ ਜ਼ਾਤੀ ਤੌਰ ਤੇ ਇਕੱਲੇ ਰਹਿਣ ਵਾਲੇ ਬਜ਼ੁਰਗਾਂ ਦੀ 99 ਹਜ਼ਾਰ ਤੋਂ ਵਧ ਕੇ 1986 ਵਿਚ ਕੋਈ ਢਾਈ ਲੱਖਾ ਹੋ ਗਈ। ਅਤੇ ਸੇਵਾ ਸੰਭਾਲ ਅਦਾਰਿਆਂ ਵਿਚ ਰਹਿਣ ਵਾਲਿਆਂ ਦੀ ਗਿਣਤੀ ਵਿਚ 127 ਫੀਸਦੀ ਵਾਧਾ ਹੋਇਆ। 75 ਸਾਲ ਦੀ ਉਮਰ ਤੋਂ ਵੱਡੇ ਬਜ਼ੁਰਗਾਂ ਦੀ ਗਿਣਤੀ ਕੋਈ ਗਿਆਰਾਂ ਲੱਖ ਹੈ। ਇਹ ਇਸ ਬਹੁਤੀ ਉਮਰ ਦੇ ਬਜ਼ੁਰਗ ਤਾਂ ਕੈਨੇਡਾ ਦੀ ਆਬਾਦੀ ਦਾ ਸਵਾ ਚਾਰ ਫੀਸਦੀ ਹਨ। ਅੰਦਾਜ਼ਾ ਹੈ ਕਿ ਇਸ ਬਹੁਤ ਵੱਡੀ ਉਮਰ ਦੇ ਬਜ਼ੁਰਗਾਂ ਦੀ ਗਿਣਤੀ ਸੰਨ 2001 ਵਿਚ ਸਤਾਰਾਂ ਲੱਖ ਹੋ ਜਾਏਗੀ। ਇਹਨਾਂ 75 ਸਾਲ ਦੀ ਉਮਰ ਤੋਂ ਉਪਰ ਦੇ ਬਜ਼ੁਰਗਾਂ ਦਾ 62 ਫੀਸਦੀ ਭਾਗ ਅਤਿ ਬਜ਼ੁਰਗ ਔਰਤਾਂ ਹਨ ਤੇ ਹੋਣਗੀਆਂ। ਅਤੇ ਇਸ ਉਮਰ ਦੀਆਂ ਔਰਤਾਂ ਦਾ ਦੋ ਤਿਹਾਈ ਹਿਸਾ (66 ਫੀਸਦੀ) ਵਿਧਵਾ ਹਨ। (ਆਮ ਹੀ ਪਤਨੀ ਦੀ ਉਮਰ ਪਤਨੀ ਨਾਲੋਂ ਛੋਟੀ ਹੁੰਦੀ ਹੈ। ਨਾਲ ਆਰਥਕ ਤੇ ਸਮਾਜੀ ਕਾਰਨ ਹਨ)।


ਬਹੁਤ ਉਮਰ ਦੇ ਬਜ਼ੁਰਗ ਆਦਮੀ ਤੇ ਔਰਤਾਂ ਜੋ ਪਰਿਵਾਰ ਜਾਂ ਦੂਜੇ ਲੋਕਾਂ ਨਾਲ ਰਹਿੰਦੇ ਹਨ, ਉਹਨਾਂ ਦੀ ਗਿਣਤੀ ਘਟੀ ਹੈ ਭਾਵ ਹੁਣ ਇਕੱਲੇ ਅਤੇ/ਜਾਂ ਸਿਹਤ ਸੰਭਾਲ ਅਦਾਰਿਆਂ ਵਿਚ ਰਹਿਣ ਵਿਚ ਵਾਧਾ ਹੋਇਆ ਹੈ। ਵੱਡੀ ਉਮਰ ਦੇ 31 ਫੀਸਦੀ ਐਸੇ ਬਜ਼ੁਰਗ ਹਨ ਜੋ ਬਹੁਤ ਹੀ ਕਮਜ਼ੋਰ ਅਤੇ ਚੰਗੀ ਤਰ੍ਹਾਂ ਤੁਰ ਫਿਰ ਨਹੀਂ ਸਕਦੇ। 46 ਫੀਸਦੀ ਐਸੇ ਹਨ ਜੋ ਨੌਰਮਲ ਕੰਮ ਕਾਰ ਨਹੀਂ ਕਰ ਸਕਦੇ। ਅਤੇ 65 ਸਾਲ ਤੋਂ ਉਪਰ ਦੇ ਬਜ਼ੁਰਗਾਂ ਦੇ 84 ਫੀ ਸਦੀ ਹਿੱਸੇ ਨੂੰ ਦਾਇਮੀ ਬੀਮਾਰੀ ਦੀ ਸ਼ਿਕਾਇਤ ਹੈ। ਕਈ ਬੀਮਾਰੀਆਂ ਤਾਂ ਬੁਢੇਪੇ ਅਤੇ ਇਕੱਲਪੁਣੇ ਦੇ ਕਾਰਨ ਹਨ ਜੋ ਪਰਿਵਾਰ ਜਾਂ ਕਮਿਊਨਿਟੀ ਵਿਚ ਰਹਿਣ ਨਾਲ ਦੂਰ ਹੋ ਸਕਦੀਆਂ ਹਨ। ਇਸ ਪੱਖ ਤੋਂ ਵੇਖਿਆ ਜਾਵੇ ਤਾਂ ਇਸ ਸਮੇਂ ਭਾਰਤੀ ਮੂਲ ਦੇ ਆਏ ਬਜ਼ੁਰਗਾਂ ਨੂੰ ਘੱਟ ਬੀਮਾਰੀਆਂ ਹਨ (ਅੱਗੇ ਨੂੰ ਬਦਲ ਰਹੇ ਹਾਲਾਤ ਦਾ ਅਸਰ ਪੈ ਸਕਦਾ ਹੈ)।

ਕੈਨੇਡੀਅਨ ਬਜ਼ੁਰਗਾਂ ਦੀ ਵਧ ਰਹੀ ਉਮਰ ਅਤੇ ਇਕੱਲਿਆਂ ਰਹਿਣ ਦੀ ਸਥਿਤੀ ਨਾਲ, ਉਹਨਾਂ ਲਈ ਵੱਖਰੀ ਕਿਸਮ ਦੀ ਰਿਹਾਇਸ਼, ਸਹੂਲਤਾਂ, ਘਰ ਦੀ ਰਾਖੀ, ਟਰਾਂਸਪੋਰਟ ਅਤੇ ਸਮਾਜਿਕ ਸੇਵਾਵਾਂ ਦੀ ਲੋੜ ਹੈ। ਸਰਕਾਰ ਤੇ ਸੋਸ਼ਲ ਪਾਲਸੀ ਵਿਚ ਬਦਲ਼ੀ ਦੀ ਲੋੜ ਹੈ ਅਤੇ ਨਾਲ ਹੀ ਸਾਨੂੰ ਆਪਣੀ ਕਮਿਊਨਿਟੀ ਬਾਰੇ ਭੀ ਉਸਾਰੂ ਸੋਚ ਦੀ ਲੋੜ ਅਤੇ ਬਦਲ ਰਹੇ ਹਾਲਾਤ ਨੂੰ ਸਮਝਣਾ ਜ਼ਰੂਰੀ ਹੈ।

ਹਿੰਦੀ ਨਾਵਲਕਾਰ ਜੈਨੇਂਦਰ ਦਾ ਦਿਹਾਂਤ

ਨਵੀਂ ਦਿੱਲੀ — ਪ੍ਰਸਿੱਧ ਹਿੰਦੀ ਨਾਵਲਕਾਰ ਸ੍ਰੀ ਜੈਨੇਂਦਰ ਕੁਮਾਰ ਚਲ ਵਸੇ। ਉਹ 83 ਵਰ੍ਹਿਆਂ ਦੇ ਸਨ। ਪਾਰਲੀਮਾਨੀ ਮਾਮਲਿਆਂ ਅਤੇ ਸੂਚਨਾ ਤੇ ਪ੍ਰਸਾਰਨ ਮੰਤਰੀ ਸ੍ਰੀ ਐਚ ਕੇ ਐਲ ਭਗਤ ਨੇ ਆਪਣੇ ਸ਼ੋਕ ਸੰਦੇਸ਼ ਵਿਚ ਕਿਹਾ ਕਿ ਸ੍ਰੀ ਜੈਨੇਂਦਰ ਦੀ ਮੌਤ ਨਾਲ ਦੇਸ਼ ਨੇ ਇਕ ਅਜਿਹੇ ਉਘੇ ਸੁਤੰਤਰਤਾ ਸੈਲਾਨੀ ਨੂੰ ਖੋ ਦਿੱਤਾ ਹੈ ਜਿਸ ਨੇ ਨਾ ਮਿਲਵਰਤਣ ਅੰਦੋਲਨ ਵਿਚ ਭਾਗ ਲਿਆ ਸੀ। ਸਾਹਿਤ ਦੇ ਖੇਤਰ ਵਿਚ ਵੀ ਉਹਨਾਂ ਨੇ ਮਹੱਤਵਪੂਰਨ ਯੋਗਦਾਨ ਪਾਇਆ ਅਤੇ ਅਨੇਕਾਂ ਪੁਰਸਕਾਰ ਪ੍ਰਾਪਤ ਕੀਤੇ। ਜਿਹਨਾਂ ਵਿਚ ਪਦਮ ਭੂਸ਼ਣ ਸਾਹਿਤ ਅਕਾਦਮੀ ਐਵਾਰਡ ਅਤੇ ਹਿੰਦੁਸਤਾਨੀ ਅਕਾਦਮੀ ਐਵਾਰਡ ਵੀ ਸ਼ਾਮਲ ਹੈ।

GILL AUTO SALES



7762 - Edmonds St., Burnaby, B.C.


DLR #8220

OPEN MON.—FRI. 9 AM-8 PM — SAT. 9 AM-6 PM — SUN. 10 AM-4 PM

ਕਾਰਾਂ ਉਤੇ ਸਪੈਸ਼ਲ ਸੇਲ

ਸਾਡੇ ਕੋਲ ਹਰ ਮਾਡਲ ਦੀਆਂ
ਕਾਰਾਂ ਹਨ — ਦੇਖਣ ਲਈ
ਅੱਜ ਹੀ ਪੁੱਜੋ — ਵਾਜਬ
ਕੀਮਤਾਂ

GILL VANS



Conversions & Accessories

- Bench Seats installed from $300
- Captain Chairs with swivel bases, custom made from ..... pr. $390
- Sofa bed Deluxe from $475
- Bay Windows installed from $99
- Complete Van Interior from $725
- Raised Roof installed from $850
- Electric Sofa Bed .... from $1299

■ Accessories ■ Service ■ Installations ■ Auto Upholstery

CALL 522-2122 COLLECT

ਗੁਰਦਾਸਪੁਰ 'ਚ ਲੱਗੀਆਂ ਪਾਬੰਦੀਆਂ ਦੀ ਮਿਆਦ 16 ਫਰਵਰੀ ਤੱਕ ਵਧੀ

ਦੀਨਾਨਗਰ — ਜ਼ਿਲਾ ਮੈਜਿਸਟਰੇਟ ਗੁਰਦਾਸਪੁਰ ਸ੍ਰੀ ਡੀ ਐਸ ਕੱਲਾ ਆਈ ਏ ਐਸ ਨੇ ਆਪਣੇ ਨਵੇਂ ਹੁਕਮਾਂ ਮੁਤਾਬਿਕ ਜ਼ਿਲਾ ਭਰ ਵਿਚ ਲੱਗੀਆਂ ਪਾਬੰਦੀਆਂ ਦੀ ਮਿਆਦ 16 ਫਰਵਰੀ 1989 ਤੱਕ ਵਧਾ ਦਿੱਤੀ ਹੈ। ਇਨ੍ਹਾਂ ਅਨੁਸਾਰ ਸਧਾਰਨ ਨਾਗਰਿਕਾਂ ਨੂੰ ਪੀਲੇ ਰੰਗ ਦੇ ਮੋਟਰ ਸਾਈਕਲ ਚਲਾਉਣ ਦੀ ਮਨਾਹੀ ਹੋਵੇਗੀ। ਪਿੰਡਾਂ ਅਤੇ ਛੋਟੇ ਕਸਬਿਆਂ ਵਿਚ ਲੋਕਾਂ ਦੇ ਨਿਜੀ ਦਲ ਸਰਕਾਰੀ ਸੰਪਤੀ ਦੀ ਦੇਖਭਾਲ ਲਈ ਗਸ਼ਤ ਜਾਰੀ ਰੱਖਣਗੇ। ਇਸ ਦੇ ਨਾਲ ਹੀ ਅੱਗ ਵਾਲੇ ਹਥਿਆਰ, ਗੰਡਾਸਾ, ਚਾਕੂ, ਟਕੂਆ, ਬਰਛਾ, ਲੋਹੇ ਦੀ ਛੜ, ਛਵੀ ਅਤੇ ਹੋਰ ਧਮਾਕੇਖੇਜ਼ ਸਮੱਗਰੀ 'ਤੇ ਲੱਗੀ ਪਾਬੰਦੀ ਵੀ ਪਹਿਲਾਂ ਵਾਂਗ ਜਾਰੀ ਰਹੇਗੀ।

ਨਵੇਂ ਹੁਕਮਾਂ ਅਨੁਸਾਰ ਨਗਰਪਾਲਿਕਾ ਦੀ ਹਦੂਦ ਅੰਦਰ ਸ਼ਰਾਬ ਦੇ ਠੇਕੇ ਸਾਢੇ ਸੱਤ ਅਤੇ ਪੇਂਡੂ ਖੇਤਰਾਂ ਵਿਚ ਸਾਢੇ ਪੰਜ ਵਜੇ ਤੱਕ ਖੁੱਲ੍ਹੇ ਰਹਿ ਸਕਣਗੇ ਅਤੇ ਢਾਬੇ ਰਾਤ ਅੱਠ ਵਜੇ ਤੱਕ ਖੁੱਲ੍ਹੇ ਰਿਹਾ ਕਰਨਗੇ। ਸਾਢੇ ਤਿੰਨ ਹਾਰਸ ਪਾਵਰ ਦੇ ਮੋਟਰ ਸਾਈਕਲ ਚਲਾਉਣ 'ਤੇ ਪਾਬੰਦੀ ਰਹੇਗੀ। ਜ਼ਿਲਾ ਭਰ ਵਿਚ ਫੌਜੀ ਵਾਹਨਾਂ ਨਾਲ ਮਿਲਦੇ ਜੁਲਦੇ ਰੰਗ, ਆਕਾਰ, ਡਿਜਾਇਨ ਦੇ ਵਾਹਨ ਚਲਾਉਣ 'ਤੇ ਲੱਗੀ ਪਾਬੰਦੀ ਵੀ ਲਾਗੂ ਰਹੇਗੀ। ਇਸ ਦੇ ਨਾਲ ਹੀ ਬੱਸਾਂ, ਟੈਂਪੂ, ਤਿਪਹੀਆ ਵਾਹਨ ਰਾਤ ਸੱਤ ਵਜੇ ਤੋਂ ਸਵੇਰ ਦੇ ਪੰਜ ਵਜੇ ਤੱਕ ਨਹੀਂ ਚਲ ਸਕਣਗੇ ਅਤੇ ਸਵੇਰੇ ਪੰਜ ਵਜੇ ਤੇ ਰਾਤ ਛੇ ਵਜੇ ਮਗਰੋਂ ਚਲਣ ਵਾਲੀਆਂ ਬੱਸਾਂ ਪੁਲੀਸ ਸੁਰੱਖਿਆ ਦਲ ਨਾਲ ਚਲਣਗੀਆਂ।

ਭਾਰਤ ਪਾਕਿ ਸੀਮਾ ਨਾਲ 500 ਮੀਟਰ ਦੇ ਘੇਰੇ ਅੰਦਰ ਰਾਤ ਸਾਢੇ ਸੱਤ ਵਜੇ ਤੋਂ ਸਵੇਰੇ ਛੇ ਵਜੇ ਤਕ ਸਧਾਰਨ ਨਾਗਰਿਕਾਂ ਦੀਆਂ ਗਤੀਵਿਧੀਆਂ ਬੰਦ ਰਹਿਣਗੀਆਂ। ਜ਼ਿਲਾ ਭਰ ਦੇ ਲਗਭਗ 70 ਸੀਮਾਵਰਤੀ ਪਿੰਡਾਂ ਵਿਚ ਲੱਗਾ ਰਾਤ ਦਾ ਕਰਫਿਊ ਰਾਤ ਸਾਢੇ ਸੱਤ ਵਜੇ ਤੋਂ ਸਵੇਰੇ ਪੰਜ ਵਜੇ ਤਕ ਪਹਿਲਾਂ ਵਾਂਗ ਜਾਰੀ ਰਹੇਗਾ। ਜ਼ਿਲਾ ਭਰ ਦੇ ਵੀਡੀਓ ਪਾਰਲਰ ਸਵੇਰੇ 11 ਤੋਂ ਸ਼ਾਮ 5 ਵਜੇ ਤੱਕ ਹੀ ਖੁੱਲ੍ਹੇ ਰਹਿ ਸਕਣਗੇ। ਇਸ ਤੋਂ ਇਲਾਵਾ ਜ਼ਿਲੇ ਦੇ ਉਹ ਮਕਾਨ ਮਾਲਿਕ ਜਿਨ੍ਹਾਂ ਨੇ ਆਪਣੇ ਘਰਾਂ ਵਿਚ ਕਿਰਾਏਦਾਰ ਰੱਖੇ ਹੋਏ ਹਨ ਉਨ੍ਹਾਂ ਨੂੰ ਆਪਣੇ ਕਿਰਾਏਦਾਰਾਂ ਸੰਬੰਧੀ ਲੋੜੀਂਦੀ ਜਾਣਕਾਰੀ ਆਪਣੇ ਨਜ਼ਦੀਕੀ ਪੁਲੀਸ ਸਟੇਸ਼ਨ ਵਿਖੇ ਦੇਣੀ ਹੋਵੇਗੀ ਅਤੇ ਇਸ ਜਾਣਕਾਰੀ ਦੀ ਇਕ ਕਾਪੀ ਜ਼ਿਲਾ ਮੈਜਿਸਟਰੇਟ ਦੇ ਦਫਤਰ ਵਿਖੇ ਵੀ ਦੇਣੀ ਹੋਵੇਗੀ।

ਗੁਜਰਾਂ ਨੂੰ ਅਨੁਸੂਚਿਤ ਕਬੀਲੇ ਦਾ ਦਰਜਾ ਦੇਣ ਦੀ ਮੰਗ

ਜੰਮੂ — ਗੁਜਰ ਸਟੂਡੈਂਟਸ ਫੈਡਰੇਸ਼ਨ ਨੇ ਗੁਜਰਾਂ ਅਤੇ ਅਹੀਰਾਂ ਲਈ ਅਨੁਸੂਚਿਤ ਕਬੀਲਿਆਂ ਦਾ ਦਰਜਾ ਦੇਣ ਦੀ ਮੰਗ ਕੀਤੀ ਹੈ।

ਗਵਰਨਰੀ ਭ੍ਰਿਸ਼ਟਾਚਾਰ

ਸੰਗਰੂਰ — ਪੰਜਾਬ ਕਾਂਗਰਸ (ਇ) ਦੇ ਪ੍ਰਧਾਨ ਸ੍ਰੀ ਬੇਅੰਤ ਸਿੰਘ ਨੇ ਮੰਨਿਆ ਹੈ ਕਿ ਗਵਰਨਰੀ ਰਾਜ ਸਮੇਂ ਪੰਜਾਬ ਵਿਚ ਭ੍ਰਿਸ਼ਟਾਚਾਰ ਦਾ ਕਾਫੀ ਬੋਲਬਾਲਾ ਹੈ ਇਥੇ ਆਪਣੀ ਪਾਰਟੀ ਦੀ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਬੇਅੰਤ ਸਿੰਘ ਨੇ ਕਿਹਾ ਕਿ ਇਹ ਭ੍ਰਿਸ਼ਟਾਚਾਰ ਗਵਰਨਰੀ ਰਾਜ ਨੂੰ ਬਰਨਾਲਾ ਸਰਕਾਰ ਤੋਂ ਵਿਰਸੇ ਵਿਚ ਹੀ ਮਿਲਿਆ ਹੈ।

ਇਨਫਲੂਐਨਜ਼ਾ 'ਏ' ਤੋਂ ਬਚੋ

ਵੈਨਕੂਵਰ — ਵੈਨਕੂਵਰ ਸਿਹਤ ਵਿਭਾਗ ਨੇ ਪ੍ਰੈਸ ਰਿਲੀਜ਼ ਰਾਹੀਂ ਸਭ ਨੂੰ ਸੂਚਿਤ ਕੀਤਾ ਹੈ ਕਿ ਅੱਧ-ਦਸੰਬਰ ਤੋਂ ਇਨਫਲੂਐਨਜ਼ਾ 'ਏ' ਵੈਨਕੂਵਰ ਵਿਚ ਫੈਲਿਆ ਹੈ। ਇਸ ਤਰ੍ਹਾਂ ਦਾ ਫਲੂ ਇਸ ਸਾਲ ਹੋਵੇਗਾ — ਇਸ ਲਈ ਸਿਹਤ ਵਿਭਾਗ ਨੇ 65 ਸਾਲ ਤੋਂ ਵੱਧ ਉਮਰ ਤੇ ਬੀਮਾਰੀ-ਗ੍ਰਸਤ ਲੋਕਾਂ ਲਈ ਵੈਕਸੀਨ ਦਿੱਤੀ ਗਈ ਹੈ। ਨਵੰਬਰ 1988 ਵਿਚ 40,000 ਵੈਨਕੂਵਰ ਨਿਵਾਸੀਆਂ ਨੂੰ ਵਿਭਾਗ ਅਤੇ ਡਾਕਟਰਾਂ ਨੇ ਟੀਕੇ ਲਗਾਏ ਹਨ। ਇਹ 1987 ਨਾਲੋਂ 25 ਪ੍ਰਤੀਸ਼ਤ ਵਾਧਾ ਹੈ।

ਫਲੂ ਜੋ ਫੈਲ ਰਿਹਾ ਹੈ ਇਹ ਅੱਧ-ਜਨਵਰੀ ਵਿਚ ਹੋਰ ਫੈਲੇਗਾ ਤੇ ਅੱਧ-ਅਪ੍ਰੈਲ ਤੱਕ ਜਾਰੀ ਰਹੇਗਾ। ਬੇਸ਼ੱਕ ਇਹ ਹੋਣ ਤੋਂ ਬਚਣ ਦਾ ਕੋਈ ਉਪਾਅ ਨਹੀਂ ਪਰ ਫਿਰ ਵੀ ਆਪਣੀ ਸਿਹਤ ਦਾ ਖਿਆਲ ਰੱਖਣਾ ਜ਼ਰੂਰੀ ਹੈ।

ਚੰਗੇ ਸਿਹਤ ਵਾਲੇ ਤੇ ਨੌਜਵਾਨਾਂ ਨੂੰ ਇਸਦੀ ਬਹੁਤੀ ਸਮੱਸਿਆ ਨਹੀਂ ਪਰ ਛੋਟੇ ਬੱਚਿਆਂ ਤੇ ਬਜ਼ੁਰਗਾਂ ਲਈ ਇਹ ਮੁਸ਼ਕਲਾਂ ਖੜ੍ਹੀਆਂ ਕਰਦਾ ਹੈ। ਬੱਚਿਆਂ ਨੂੰ ਤੇਜ਼ ਬੁਖਾਰ ਸਮੇਂ ਕੜਵੱਲ ਪੈਂਦੇ ਹਨ, ਇਸ ਲਈ ਸਪੰਜ ਬਾਥ ਦਿਓ ਤੇ ਅਸੈਟਾਮੀਨੋਫਿਨ ਦੀ ਵਰਤੋਂ ਕਰੋ। ਵੱਧ ਤੋਂ ਵੱਧ ਤਰਲ ਪਦਾਰਥ ਦਿਉ। ਕੰਨਾਂ ਦੀ ਇਨਫੈਕਸ਼ਨ ਅਤੇ ਨਮੂਨੀਏ ਦਾ ਧਿਆਨ ਰੱਖੋ। ਬਜ਼ੁਰਗਾਂ ਲਈ ਵੀ ਡੀਹਾਈਡਰੇਸ਼ਨ ਤੇ ਸੈਕੰਡਰੀ ਨਮੂਨੀਏ ਦਾ ਧਿਆਨ ਰੱਖੋ। ਜਦੋਂ ਵੀ ਸ਼ੱਕ ਹੋਵੇ, ਡਾਕਟਰ ਜ਼ਰੂਰ ਦੇਖੋ।

ਬਹੁਤੇ ਲੋਕਾਂ ਲਈ ਫਲੂ ਭੈੜਾ ਜ਼ਰੂਰ ਹੈ ਪਰ ਫਿਰ ਵੀ ਹਿਫਾਜ਼ਤ ਜ਼ਰੂਰੀ ਹੈ। ਜਿਨ੍ਹਾਂ ਨੂੰ ਬੀਮਾਰੀਆਂ ਨੂੰ, ਬੱਚੇ ਤੇ ਬੁਢਿਆਂ ਲਈ ਜ਼ਿਆਦਾ ਧਿਆਨ ਦੇਣ ਦੀ ਲੋੜ ਹੈ।

ਹੋਰ ਜਾਣਕਾਰੀ ਲਈ ਸੰਪਰਕ ਕਰੋ :

ਗੁਨਿੰਦਰ ਮਮਿਕ

ਮਲਟੀਕਲਚਰਲ ਹੈਲਥ ਐਜੂਕੇਟਰ

ਫੋਨ 253-3575

ਕਾਂਗਰਸ ਸਰਕਾਰ ਦੇ ਹੁੰਦਿਆਂ ਪੰਜਾਬ ਮਸਲਾ ਹੱਲ ਨਹੀਂ ਹੋ ਸਕਦਾ — ਤਲਵੰਡੀ



ਲੁਧਿਆਣਾ — ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਜਥੇਦਾਰ ਜਗਦੇਵ ਸਿੰਘ ਤਲਵੰਡੀ ਨੇ ਕਿਹਾ ਹੈ ਕਿ ਜਦੋਂ ਤਕ ਕੇਂਦਰ ਵਿਚ ਕਾਂਗਰਸ (ਆਈ) ਦੀ ਸਰਕਾਰ ਮੌਜੂਦ ਹੈ ਉਦੋਂ ਤੱਕ ਪੰਜਾਬ ਮਸਲਾ ਹੱਲ ਨਹੀਂ ਹੋ ਸਕਦਾ। ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਕਾਂਗਰਸ (ਆਈ) ਦਾ 'ਕੁਸ਼ਾਸਨ' ਖਤਮ ਕਰਨ ਲਈ ਅਕਾਲੀ ਦਲ, ਕੇਂਦਰ ਅਤੇ ਪੰਜਾਬ ਸਮੇਤ ਹੋਰਨਾਂ ਰਾਜਾਂ ਦੀਆਂ ਵਿਰੋਧੀ ਪਾਰਟੀਆਂ ਨਾਲ ਸਹਿਯੋਗ ਅਤੇ ਤਾਲਮੇਲ ਕਰੇਗਾ। ਜਥੇਦਾਰ ਤਲਵੰਡੀ ਨੇ ਆਸ ਪ੍ਰਗਟ ਕੀਤੀ ਕਿ ਜੇ ਜਨਤਾ ਦਲ ਸੱਤਾ ਵਿਚ ਆ ਗਿਆ ਤਾਂ ਪੰਜਾਬ ਮਸਲਾ ਸੁਲਝ ਸਕਦਾ ਹੈ।

ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਹਿੰਸਾ ਵਿਚ ਯਕੀਨ ਨਹੀਂ ਰਖਦੀ ਅਤੇ ਨਾ ਹੀ ਉਨ੍ਹਾਂ ਦੀ ਪਾਰਟੀ ਨੇ ਕਦੇ ਖਾਲਿਸਤਾਨੀ ਜਾਂ ਵੱਖਵਾਦੀ ਅਨਸਰਾਂ ਦੀ ਹਮਾਇਤ ਕੀਤੀ ਹੈ। ਉਨ੍ਹਾਂ ਕਿਹਾ ਕਿ ਹੋਰਨਾਂ ਦੇਸ਼ਵਾਸੀਆਂ ਵਾਂਗ ਸਿੱਖਾਂ ਦਾ ਵੀ ਭਾਰਤੀ ਸੰਵਿਧਾਨ ਵਿਚ ਯਕੀਨ ਹੈ। ਅਕਾਲੀ ਆਗੂ ਨੇ ਆਨੰਦਪੁਰ ਸਾਹਿਬ ਦੇ ਮਤੇ ਨੂੰ ਲਾਗੂ ਕਰਨ ਦੀ ਮੰਗ ਨੂੰ ਮੁੜ ਦੁਹਰਾਉਂਦਿਆਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਅੱਜ ਵੀ ਇਸ ਮੰਗ ਦੀ ਪੂਰਤੀ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪਿਛਲੇ 40 ਸਾਲਾਂ ਦੌਰਾਨ ਸੰਵਿਧਾਨ ਵਿਚ ਕਈ ਸੋਧਾਂ ਕੀਤੀਆਂ ਗਈਆਂ ਹਨ ਅਤੇ ਇਸ ਕਰਕੇ ਜੇ ਸਿੱਖਾਂ ਦੀਆਂ ਹੱਕੀ ਮੰਗਾਂ ਲਈ ਇਸ ਵਿਚ ਸੋਧ ਕਰਨੀ ਪਵੇ ਤਾਂ ਸੱਤਾਧਾਰੀ ਪਾਰਟੀ ਨੂੰ ਹਿਚਕਚਾਹਟ ਨਹੀਂ ਹੋਣੀ ਚਾਹੀਦੀ। ਜਥੇਦਾਰ ਤਲਵੰਡੀ ਨੇ ਪੰਥਕ ਏਕਤਾ ਦੀ ਲੋੜ ਉਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਉਹ ਹਮੇਸ਼ਾ ਤੋਂ ਹੀ ਇਸ ਦੇ ਹਮਾਇਤੀ ਰਹੇ ਹਨ। ਉਨ੍ਹਾਂ ਦੱਸਿਆ ਕਿ ਪੰਥਕ ਏਕਤਾ ਜਦੋਂ ਵੀ ਹੋਈ ਅਸੂਲਾਂ ਉਤੇ ਆਧਾਰਿਤ ਹੋਵੇਗੀ ਨਾ ਕਿ ਸ਼ਖਸੀਅਤਾਂ ਉਤੇ। ਉਨ੍ਹਾਂ ਨੇ ਸਾਬਕਾ ਮੁਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਦਾ ਜ਼ਿਕਰ ਕਰਦੇ ਹੋਏ ਟਿੱਪਣੀ ਕੀਤੀ ਕਿ ਏਕਤਾ ਯਤਨਾਂ ਲਈ ਉਨ੍ਹਾਂ ਦੀ ਪਾਰਟੀ ਪਹਿਲਕਦਮੀ ਕਰ ਚੁਕੀ ਹੈ ਅਤੇ ਹੁਣ ਬਰਨਾਲਾ ਦਾ ਕੰਮ ਹੈ ਕਿ ਹੁੰਗਾਰਾ ਭਰਨ।

'88 ਦੇ ਸਦਭਾਵਨਾ ਪੁਰਸਕਾਰਾਂ ਦਾ ਐਲਾਨ

ਗੁਰਸ਼ਰਨ ਸਿੰਘ ਨੂੰ ਪੁਰਸਕਾਰ

ਨਵੀਂ ਦਿੱਲੀ — ਸ੍ਰੀ ਕੁਲਦੀਪ ਨਈਅਰ ਸਮੇਤ ਪੰਜ ਉਘੇ ਪੱਤਰਕਾਰਾਂ, ਇਕ ਡਰਾਮਾ ਟਰੁੱਪ ਤੇ ਇਕ ਵਲੰਟਰੀ ਜਥੇਬੰਦੀ ਨੂੰ ਰਾਸ਼ਟਰੀ ਏਕਤਾ ਤੇ ਫਿਰਕੂ ਸਦਭਾਵਨਾ ਲਈ ਪਾਏ ਯੋਗਦਾਨ ਨੂੰ ਧਿਆਨ 'ਚ ਰੱਖਦਿਆਂ ਉਨ੍ਹਾਂ ਨੂੰ ਸਾਲ '88 ਦੇ ਸਦਭਾਵਨਾ ਪੁਰਸਕਾਰ ਲਈ ਚੁਣਿਆ ਗਿਆ ਹੈ। ਹਰ ਪੱਤਰਕਾਰ ਨੂੰ ਪੁਰਸਕਾਰ 'ਚ 10 ਹਜ਼ਾਰ ਰੁਪਏ ਅਤੇ ਇਕ ਪ੍ਰਸੰਸਾ ਪੱਤਰ ਦਿੱਤਾ ਜਾਵੇਗਾ ਤੇ ਵਲੰਟਰੀ ਜਥੇਬੰਦੀ ਨੂੰ 15 ਹਜ਼ਾਰ ਰੁਪਏ ਅਤੇ ਇਕ ਪ੍ਰਸੰਸਾ ਪੱਤਰ ਦਿੱਤਾ ਜਾਵੇਗਾ। ਇਸ ਗੱਲ ਦੀ ਜਾਣਕਾਰੀ 'ਅੰਡਰਸਟੈਂਟਿੰਗ ਐਂਡ ਫਰਟਰਿਨਿਟੀ ਆਰਗੇਨਾਈਜ਼ੇਸ਼ਨ' ਦੇ ਚੇਅਰਮੈਨ ਸ੍ਰੀ ਸੰਜੇ ਡਾਲਮੀਆ ਨੇ ਦਿੱਤੀ।

ਹੋਰ ਇਨਾਮ ਪ੍ਰਾਪਤ ਕਰਨ ਵਾਲੇ ਹਨ; ਸ੍ਰੀ ਭੀਸ਼ਮ ਸਾਹਨੀ (ਹਿੰਦੀ), ਸ੍ਰੀ ਮੋਹਨ ਚਿਰਾਗੀ (ਉਰਦੂ), ਸ੍ਰੀ ਸੀ ਨਾਰਾਇਣ ਰੈਡੀ (ਤੈਲਗੂ), ਸ੍ਰੀ ਗੁਲਾਮ ਰਸੂਲ (ਕਸ਼ਮੀਰੀ), ਮੀਡੀਆ ਸਟੋਰਮ (ਫਿਲਮਾਂ) ਅਤੇ ਜਨ ਨਾਟ ਮੰਚ (ਡਰਾਮਾ)।

ਇਨਕਲਾਬੀ ਕੇਂਦਰ ਅਤੇ ਡਰਾਮਾ ਸੁਸਾਇਟੀ, ਜਿਸ ਦੇ ਮੁਖੀ ਸ੍ਰੀ ਗੁਰਸ਼ਰਨ ਸਿੰਘ ਹਨ, ਨੂੰ ਵਲੰਟਰੀ ਜਥੇਬੰਦੀ ਦੇ ਤੌਰ 'ਤੇ ਸਨਮਾਨਤ ਕਰਨ ਲਈ ਚੁਣਿਆ ਗਿਆ ਹੈ। ਇਸ ਜਥੇਬੰਦੀ ਨੇ ਅਤਿਵਾਦ ਤੇ ਵੱਖਵਾਦ ਵਿਰੁਧ ਲੋਕ ਰਾਏ ਪੈਦਾ ਕਰਨ ਲਈ ਪਿੰਡਾਂ 'ਚ ਜਾ ਕੇ ਅਨੇਕਾਂ ਡਰਾਮੇ ਖੇਡੇ ਹਨ।

ਪੰਜਾਬ ਦੀ ਹਿੰਸਾ ਲਈ ਸਰਕਾਰ ਤੇ ਅਕਾਲੀ ਦੋਵੇਂ ਦੋਸ਼ੀ — ਚੋਪੜਾ

ਅੰਮ੍ਰਿਤਸਰ — ਸਥਾਨਕ ਡੀ. ਏ. ਵੀ. ਕਾਲਜ ਵਿਚ 'ਪੰਜਾਬ ਵਿਚ ਹਿੰਸਾ ਦਾ ਕਾਰਨ ਅਤੇ ਉਸ ਦੇ ਨਤੀਜੇ' ਦੇ ਵਿਸ਼ੇ 'ਤੇ ਚਲ ਰਹੇ ਸੈਮੀਨਾਰ ਦੇ ਆਖਰੀ ਦਿਨ ਡਾਕਟਰ ਸੁਰਿੰਦਰ ਚੋਪੜਾ ਹੈਡ ਆਫ ਪੁਲੀਟੀਕਲ ਸਾਇੰਸ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਦੇ ਨੁਮਾਇੰਦੇ ਨੇ ਸਮਾਰੋਹ ਨੂੰ ਸੰਬੋਧਿਤ ਕਰਦਿਆਂ ਹੋਇਆਂ ਆਖਿਆ ਕਿ ਜਿਥੇ ਪੰਜਾਬ ਵਿਚ ਵਧ ਰਹੀ ਹਿੰਸਾ ਲਈ ਸਰਕਾਰ ਨੂੰ ਦੋਸ਼ੀ ਠਹਿਰਾਇਆ ਜਾ ਰਿਹਾ ਹੈ, ਉਥੇ ਇਸ ਲਈ ਅਕਾਲੀ ਅਤੇ ਕੁਝ ਦੂਸਰੇ ਸਿੱਖ ਨੇਤਾ ਵੀ ਇਸ ਦੀ ਜ਼ਿਮੇਂਵਾਰੀ ਤੋਂ ਨਹੀਂ ਬਚ ਸਕਦੇ। ਜੇਕਰ ਅਕਾਲੀ ਈਮਾਨਦਾਰੀ ਨਾਲ ਹਿੰਸਾ ਨੂੰ ਦਬਾਉਣ ਲਈ ਸਰਕਾਰ ਦਾ ਸਾਥ ਦੇਂਦੇ ਤਾਂ ਹਾਲਾਤ 'ਤੇ ਕਾਫੀ ਹੱਦ ਤੱਕ ਕੰਟਰੋਲ ਕੀਤਾ ਜਾ ਸਕਦਾ ਸੀ

ਡਾ: ਚੋਪੜਾ ਨੇ ਅਗੇ ਚਲ ਕੇ ਆਖਿਆ ਕਿ ਇਹ ਕਿਥੋਂ ਦਾ ਇਨਸਾਫ ਹੈ ਕਿ ਅਤਿਵਾਦੀ ਅੰਨ੍ਹੇਵਾਹ ਬੇਗੁਨਾਹਾਂ ਨੂੰ ਕਤਲ ਕਰਦੇ ਰਹਿਣ ਅਤੇ ਸਰਕਾਰ ਚੁਪ ਬੈਠੀ ਰਹੇ। ਸਰਕਾਰ ਨੂੰ ਆਪਣਾ ਫਰਜ਼ ਨਿਭਾਉਣਾ ਹੀ ਪੈਂਦਾ ਹੈ। ਉਨ੍ਹਾਂ ਪੰਜਾਬ ਵਿਚ ਫੈਲੀ ਹਿੰਸਾ ਲਈ ਬਾਹਰਲੀਆਂ ਤਾਕਤਾਂ ਨੂੰ ਦੋਸ਼ੀ ਠਹਿਰਾਉਂਦਿਆਂ ਹੋਇਆਂ ਆਖਿਆ ਕਿ ਸਿੱਖਾਂ ਦੇ ਰੂਪ ਵਿਚ ਜੋ ਗੁਮਰਾਹ ਨੌਜਵਾਨ ਬੇਗੁਨਾਹ ਲੋਕਾਂ ਨੂੰ ਮਾਰ ਰਹੇ ਹਨ, ਉਹ ਸਿੱਖ ਕੌਮ ਦੇ ਪੈਰੋਕਾਰ ਨਹੀਂ ਹੋ ਸਕਦੇ ਕਿਉਂਕਿ ਸਿੱਖ ਕੌਮ ਨੇ ਹਮੇਸ਼ਾ ਬੇਗੁਨਾਹਾਂ ਦੀ ਸਹਾਇਤਾ ਕੀਤੀ ਹੈ।

ਸੈਮੀਨਾਰ ਵਿਚ ਬੋਲਦਿਆਂ ਹੋਇਆਂ ਡੀ. ਏ. ਵੀ. ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਡੀ ਆਰ ਗੁਪਤਾ ਨੇ ਆਖਿਆ ਕਿ ਸਾਨੂੰ ਅਤੇ ਸਰਕਾਰ ਨੂੰ ਮਿਲ ਕੇ ਇਨ੍ਹਾਂ ਗੁਮਰਾਹ ਨੌਜਵਾਨਾਂ ਨੂੰ ਸਿੱਧੇ ਰਾਹ 'ਤੇ ਲਿਆਉਣ ਲਈ ਉਪਰਾਲੇ ਕਰਨੇ ਹੋਣਗੇ ਅਤੇ ਉਨ੍ਹਾਂ ਸਮੱਸਿਆਵਾਂ 'ਤੇ ਗੌਰ ਕਰਨਾ ਹੋਵੇਗਾ, ਜਿਸ ਕਾਰਣ ਇਹ ਨੌਜਵਾਨ ਗਲਤ ਰਾਹ 'ਤੇ ਚਲ ਪਏ ਹਨ। ਇਸ ਮੌਕੇ 'ਤੇ ਪ੍ਰੋਫੈਸਰ ਡੀ ਡੀ ਸ਼ਰਮਾ ਨੇ ਬੋਲਦਿਆਂ ਆਖਿਆ ਕਿ ਸਰਕਾਰ 'ਤੇ ਦੋਸ਼ ਲਾਇਆ ਜਾ ਰਿਹਾ ਹੈ ਕਿ ਸਰਕਾਰ ਨੇ ਪੰਡਤ ਨਹਿਰੂ ਦੇ ਵੇਲੇ ਸਿੱਖ ਕੌਮ ਨਾਲ ਕੀਤੇ ਗਏ ਵਾਅਦਿਆਂ ਨੂੰ ਪੂਰਾ ਨਹੀਂ ਕੀਤਾ। ਇਹ ਨਿਰੋਲ ਝੂਠ ਹੈ। ਅੱਜ ਭਾਰਤ ਵਿਚ ਜਿੰਨਾ ਮਾਣ ਸਿੱਖਾਂ ਨੂੰ ਮਿਲ ਰਿਹਾ ਹੈ, ਹੋਰ ਕਿਸੇ ਫਿਰਕੇ ਨੂੰ ਨਹੀਂ ਮਿਲ ਰਿਹਾ। ਪਰ ਖੇਤਰ ਵਿਚ ਸਿੱਖਾਂ ਤੋਂ ਪੂਰੀ ਤੋਂ ਵੱਧ ਪ੍ਰਤੀਨਿਧਤਾ ਦਿੱਤੀ ਜਾਂਦੀ ਹੈ, ਜੇਕਰ ਫੇਰ ਵੀ ਕਿਹਾ ਜਾਵੇ ਕਿ ਸਿੱਖ ਕੌਮ ਨਾਲ ਧੱਕਾ ਹੋ ਰਿਹਾ ਹੈ ਤਾਂ ਇਹ ਨਿਰਾਧਾਰ ਗਲਤ ਦੋਸ਼ ਹੈ।

ਆਂਧਰਾ ਦੇ ਦੰਗਿਆਂ ਪਿਛੇ ਸਾਜ਼ਿਸ਼ ਦੀ ਸੰਭਾਵਨਾ ਤੋਂ ਇਨਕਾਰ

ਵਿਜੇਵਾੜਾ — ਆਂਧਰਾ ਪ੍ਰਦੇਸ਼ ਪੁਲੀਸ ਦੇ ਡਾਇਰੈਕਟਰ ਜਨਰਲ ਪੀ ਐਸ ਰਾਮਮੋਹਨ ਰਾਓ ਨੇ ਕਾਂਗਰਸ (ਇ) ਵਿਧਾਇਕ ਵੀ. ਮੋਹਨ ਰੰਗਾਰਾਓ ਦੀ ਹੱਤਿਆ ਮਗਰੋਂ ਹੋਏ ਵਿਆਪਕ ਦੰਗਿਆਂ ਅਤੇ ਅੱਗਜ਼ਨੀ ਦੀਆਂ ਵਾਰਦਾਤਾਂ ਪਿਛੇ ਕਿਸੇ ਵੀ ਸਾਜ਼ਿਸ਼ ਦੀ ਸੰਭਾਵਨਾ ਤੋਂ ਇਨਕਾਰ ਕਰ ਦਿੱਤਾ ਹੈ। ਇਥੇ ਇਕ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਹੱਤਿਆ ਮਗਰੋਂ, "ਭਾਵਨਾਤਮਕ ਤੌਰ 'ਤੇ ਰੋਹ ਵਿਚ ਆਏ ਹਜੂਮਾਂ ਤੇ ਸਮਾਜ ਵਿਰੋਧੀ ਤੱਤਾਂ" ਨੇ ਮਾਰ ਵੱਢ ਤੇ ਭੰਨ-ਤੋੜ ਸ਼ੁਰੂ ਕਰ ਦਿੱਤੀ ਅਤੇ ਕਈਆਂ ਨੇ ਨਿੱਜੀ ਕਿੜਾਂ ਕੱਢਣ ਲਈ ਇਸ ਮੌਕੇ ਦਾ ਇਸਤੇਮਾਲ ਕੀਤਾ।

ਉਨ੍ਹਾਂ ਕਿਹਾ ਕਿ ਹੁੱਲੜਬਾਜ਼ਾਂ ਨੇ ਭਾਵੇਂ ਫਿਰਕੂ ਤੇ ਸਿਆਸੀ ਲੀਹਾਂ 'ਤੇ ਚੁਣ ਚੁਣ ਕੇ ਲੋਕਾਂ ਉਪਰ ਹਮਲੇ ਕੀਤੇ, ਫਿਰ ਵੀ ਪ੍ਰਭਾਵਿਤ ਚਾਰ ਜ਼ਿਲਿਆਂ ਵਿਚ 1800 ਅੱਗਜ਼ਨੀ, ਲੁੱਟਮਾਰ ਤੇ ਫਾਇਰਿੰਗ ਦੇ ਮੁਕੱਦਮੇ ਦਰਜ ਹੋਏ।

ਡੀ. ਜੀ. ਪੀ. ਨੇ ਦੱਸਿਆ ਕਿ ਦੰਗਿਆਂ ਦੌਰਾਨ 42 ਮੌਤਾਂ ਹੋਈਆਂ ਜਿਨ੍ਹਾਂ ਵਿਚੋਂ ਅੱਧੇ ਪੁਲੀਸ ਦੀ ਗੋਲੀ ਨਾਲ ਮਾਰੇ ਗਏ। ਇਸ ਤੋਂ ਇਲਾਵਾ ਹੋਰ 78 ਜਣੇ ਫਾਇਰਿੰਗ ਵਿਚ ਜ਼ਖਮੀ ਹੋਏ ਸਨ। ਇਥੇ ਇਹ ਵਰਨਣਯੋਗ ਹੈ ਕਿ ਸਮੂਹ ਵਿਰੋਧੀ ਪਾਰਟੀਆਂ ਦੇ ਆਗੂਆਂ ਨੇ ਦੋਸ਼ ਲਗਾਇਆ ਸੀ ਕਿ ਸ੍ਰੀ ਰੰਗਾਰਾਓ ਦੀ ਹੱਤਿਆ ਅਤੇ ਇਸ ਮਗਰੋਂ ਵਾਪਰੀਆਂ ਹਿੰਸਾ ਦੀਆਂ ਘਟਨਾਵਾਂ 'ਸੋਚੀ ਸਮਝੀ ਸਕੀਮ' ਦਾ ਹਿੱਸਾ ਸਨ। ਇਸ ਦਾ ਉਦੇਸ਼ ਰਾਮਾਰਾਓ ਸਰਕਾਰ ਨੂੰ ਅਸਥਿਰ ਕਰਨਾ ਹੈ।

ਵਰਿੰਦਰ ਦੀ ਯਾਦ 'ਚ ਆਡੀਟੋਰੀਅਮ ਬਣਾਉਣ ਦੀ ਮੰਗ

ਫਗਵਾੜਾ — ਪੰਜਾਬੀ ਫਿਲਮਾਂ ਦੇ ਉਘੇ ਨਿਰਮਾਤਾ ਨਿਰਦੇਸ਼ਕ ਅਤੇ ਕਲਾਕਾਰ ਸ੍ਰੀ ਵਰਿੰਦਰ ਜਿਹਨਾਂ ਨੂੰ ਛੇ ਦਸੰਬਰ ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ ਸੀ ਦੀ ਯਾਦ ਵਿਚ ਫਗਵਾੜਾ ਵਿਚ ਆਡੀਟੋਰੀਅਮ ਦਾ ਨਿਰਮਾਣ ਕੀਤਾ ਜਾਵੇ। ਇਹ ਮੰਗ ਫਗਵਾੜਾ ਦੇ ਰੇਡੀਓ ਅਤੇ ਟੀ ਵੀ ਕਲਾਕਾਰ ਡਾ. ਯਸ਼ ਚੋਪੜਾ ਨੇ ਪੰਜਾਬ ਦੇ ਗਵਰਨਰ ਸ੍ਰੀ ਸਿਧਾਰਥ ਸ਼ੰਕਰ ਰੇਅ ਨੂੰ ਲਿਖੇ ਪੱਤਰ ਵਿਚ ਕੀਤੀ ਹੈ।

ਪੱਤਰਕਾਰਾਂ ਨੂੰ ਜਾਰੀ ਕੀਤੇ ਗਏ ਪੱਤਰ ਵਿਚ ਅੱਗੇ ਕਿਹਾ ਗਿਆ ਹੈ ਕਿ ਸਵਰਗੀ ਵਰਿੰਦਰ ਜੋ ਕਿ ਫਗਵਾੜਾ ਖੇਤਰ ਨਾਲ ਸੰਬੰਧਤ ਸਨ ਦੀ ਮੌਤ ਨਾਲ ਪੰਜਾਬੀ ਸੰਸਕ੍ਰਿਤੀ ਦਾ ਕਤਲ ਹੋਇਆ ਹੈ। ਉਹਨਾਂ ਦੀ ਅਚਾਨਕ ਮੌਤ ਨਾਲ ਹਰ ਪੰਜਾਬੀ ਖੁਦ ਨੂੰ ਦੁਖੀ ਮਹਿਸੂਸ ਕਰਦਾ ਹੈ। ਉਹਨਾਂ ਦੀ ਯਾਦਗਾਰ ਦੇ ਰੂਪ ਵਿਚ ਆਡੀਟੋਰੀਅਮ ਦਾ ਨਿਰਮਾਣ ਕਰਕੇ ਜਿਥੇ ਉਹਨਾਂ ਪ੍ਰਤੀ ਸੱਚੀ ਸ਼ਰਧਾਂਜਲੀ ਦਿੱਤੀ ਜਾ ਸਕੇਗੀ ਉਥੇ ਪੰਜਾਬ ਪੰਜਾਬੀ ਅਤੇ ਪੰਜਾਬੀਅਤ ਦੀ ਸੇਵਾ ਲਈ ਉਹਨਾਂ ਦੇ ਕੰਮਾਂ ਨੂੰ ਜਾਰੀ ਰੱਖਿਆ ਜਾ ਸਕਦਾ ਹੈ।

ਮਲੂਕਾ

ਦੂਜਾ

ਮਲੂਕਾ ਜਿੰਨਾ ਗਰੀਨ ਚੇਨ ਤੇ ਕੰਮ ਦੀਆਂ ਔਖੀਆਂ ਹਾਲਤਾਂ ਦੇਖ ਕੇ ਹੈਰਾਨ ਹੋਇਆ ਸੀ ਉਹ ਪੰਜਾਬੀਆਂ ਦੀਆਂ ਰਹਿਣ ਦੀਆਂ ਹਾਲਤਾਂ ਦੇਖ ਕੇ ਉਸ ਤੋਂ ਵੀ ਵੱਧ ਹੈਰਾਨ ਹੋਇਆ। ਉਸ ਨੇ ਸੋਚਿਆ ਸੀ ਕਿ ਭਾਰਤੀ ਪਿੰਡਾਂ ਦੇ ਮੁਕਾਬਲੇ ਕੈਨੇਡਾ ਦੀ ਜ਼ਿੰਦਗੀ ਬਹੁਤ ਅਰਾਮਦੇਹ ਅਤੇ ਸੌਖੀ ਹੋਵੇਗੀ।

ਉਹਨੇ ਦੇਸ ਹੁਸ਼ਿਆਰਪੁਰ ਤੇ ਜਲੰਧਰ ਦੇ ਬਜ਼ਾਰਾਂ ਵਿਚ ਸਿਆਲ ਦੇ ਦਿਨੀਂ ਇਸ ਨਵੀਂ ਦੁਨੀਆਂ ਤੋਂ ਪਰਤੇ ਸਿੱਖਾਂ ਨੂੰ ਆਰਾਮ ਨਾਲ ਟਹਿਲਦਿਆਂ ਵੇਖਿਆ ਸੀ। ਲੰਮੇ-ਸਲੰਮੇ, ਚੌੜੇ ਮੋਢਿਆਂ ਵਾਲੇ, ਗੂਹੜੇ ਅਮਰੀਕਨ ਸੂਟਾਂ ਅਤੇ ਜਾਪਾਨੀ ਰੇਸ਼ਮੀ ਰੰਗਦਾਰ ਪੱਗਾਂ ਵਿਚ ਉਹ ਬੜੇ ਪ੍ਰਭਾਵਸ਼ਾਲੀ ਦਿਸਦੇ ਸਨ। ਸਾਰੇ ਲੋਕ ਤੇ ਖਾਸ ਕਰ ਵਿਦਿਆਰਥੀ ਉਹਨਾਂ ਦੀ ਬਹੁਤ ਸ਼ਲਾਘਾ ਕਰਦੇ ਸਨ। ਇਸ ਦਾ ਸਭ ਤੋਂ ਵੱਡਾ ਕਾਰਨ ਗਦਰ ਲਹਿਰ ਦੇ ਸ਼ਹੀਦਾਂ ਦੀ ਗੌਰਵਮਈ ਕਹਾਣੀ ਸੀ। ਸੰਨ 1914 ਵਿਚ ਇਸ ਨਵੀਂ ਦੁਨੀਆਂ ਵਿਚ ਆਏ ਭਾਰਤੀਆਂ ਨੇ ਦੇਸ਼ ਨੂੰ ਹਥਿਆਰਬੰਦ ਬਗ਼ਾਵਤ ਨਾਲ ਆਜ਼ਾਦ ਕਰਾਉਣ ਲਈ ਗ਼ਦਰ ਲਹਿਰ ਚਲਾਈ ਸੀ। ਪੰਜਾਬ ਦੇ ਦੂਰ ਦੁਰਾਡੇ ਇਲਾਕਿਆਂ ਵਿਚ ਖੁਲ੍ਹੇ ਨਵੇਂ ਸਕੂਲ, ਕੁੜੀਆਂ ਦੇ ਕੁਝ ਸਕੂਲਾਂ ਸਮੇਤ, ਉਹਨਾਂ ਦੀ ਦੂਰ ਅੰਦੇਸ਼ੀ ਅਤੇ ਦੇਸ਼ ਭਗਤੀ ਦੀ ਹਾਮੀ ਭਰਦੇ ਸਨ। ਉਹਨਾਂ ਹੀ ਮਾਇਕ ਸਹਾਇਤਾ ਕਰਕੇ ਜਲੰਧਰ ਅਤੇ ਅੰਮ੍ਰਿਤਸਰ ਤੋਂ ਪੰਜਾਬੀ ਦੇ ਕਈ ਹਫਤਾਵਾਰੀ ਅਖਬਾਰ ਅਤੇ ਦਿੱਲੀ ਤੋਂ ਇਕ ਅੰਗਰੇਜ਼ੀ ਦੇ ਅਖਬਾਰ ਦਾ ਛਪਣਾ ਸੰਭਵ ਹੋਇਆ ਸੀ। ਇਨ੍ਹਾਂ ਸਭ ਅਖਬਾਰਾਂ ਵਿਚ ਭਾਰਤ ਵਾਸੀਆਂ ਨੂੰ ਦੇਸ਼ ਦੀ ਆਜ਼ਾਦੀ ਲਈ ਉਠਣ ਲਈ ਵੰਗਾਰਿਆ ਜਾਂਦਾ ਸੀ। ਲੋਕੀਂ ਇਹਨਾਂ ਦੀ ਅਤੇ ਇਸ ਦੁਨੀਆਂ ਦੀ ਇਜ਼ਤ ਕਰਦੇ ਸਨ ਕਿਉਂਕਿ ਇਸ ਨਵੀਂ ਦੁਨੀਆਂ ਨੇ ਹੀ ਉਹਨਾਂ ਵਿਚ ਦੇਸ਼ ਵਿਚਲੇ ਆਪਣੇ ਲੋਕਾਂ ਦੀ ਭਲਾਈ ਕਰਨ ਦਾ ਜੋਸ਼ ਭਰਿਆ ਸੀ। ਨੌਜਵਾਨ ਇਨ੍ਹਾਂ ਨਾਲ ਮਾਣਭਰੀ ਈਰਖਾ ਕਰਦੇ ਅਤੇ ਉਨ੍ਹਾਂ ਦੇ ਕਦਮਾਂ ਤੇ ਚੱਲਣ ਦੀ ਖਾਹਿਸ਼ ਰਖਦੇ ਸਨ।

"ਆਓ, ਆਓ ਸਰਦਾਰ ਜੀ। ਅੰਦਰ ਲੰਘ ਆਓ ਤੇ ਸਾਡੀ ਹੱਟੀ ਨੂੰ ਵੀ ਭਾਗ ਲਾਓ", ਕਪੜੇ ਦੀਆਂ ਦੁਕਾਨਾਂ ਵਾਲੇ ਉਹਨਾਂ ਅੱਗੇ ਲੇਲ੍ਹੜੀਆਂ ਕੱਢਦੇ। ਫੇਰ ਉਹ ਉਹਨਾਂ ਦੇ ਅੱਗੇ ਥਾਨਾਂ ਦੇ ਥਾਨ ਖੋਲ੍ਹ ਦਿੰਦੇ ਅਤੇ ਕਹਿੰਦੇ, "ਇਹ ਚਮਕਦਾਰ ਸ਼ਨੀਲ ਦਾ ਸੂਟ ਸਰਦਾਰਨੀ ਲਈ, ਆਹ ਹੰਢਣਸਾਰ ਛੀਂਟ ਦਾ ਕਪੜਾ ਬੱਚਿਆਂ ਲਈ, ਤੇ ਆਹ ਮੱਖਣ ਵਰਗਾ ਮੁਲਾਇਮ ਕਮੀਜ਼ਾਂ ਦਾ ਕਪੜਾ ਸਰਦਾਰ ਹੋਰਾਂ ਲਈ।" ਜਦੋਂ ਇਹ ਸਰਦਾਰ ਹਲਵਾਈ ਦੀ ਹੱਟੀ ਤੋਂ ਕਿੰਨੀ ਸਾਰੀ ਇਕੱਠੀ ਮਠਿਆਈ ਖ਼ਰੀਦਦੇ ਤਾਂ ਥਾਲਾਂ ਵਿਚ ਸਲੀਕੇ ਨਾਲ ਟਿਕਾਈ ਮਠਿਆਈ ਦੁਆਲੇ ਭਿੰਨਭਨਾਉਂਦੀਆਂ ਮੱਖੀਆਂ ਬਾਰੇ ਸ਼ਿਕਾਇਤ ਕਰਦੇ। ਹਲਵਾਈ ਇਨੀ ਵੱਡੀ ਵਿਕਰੀ ਤੇ ਖੁਸ਼ ਹੋਇਆ ਮਸਕੀਨਾਂ ਵਾਂਗ ਮੁਸਕਰਾਉਂਦਾ ਅਤੇ ਮੱਖੀਮਾਰ ਨਾਲ ਮੱਖੀਆਂ ਨੂੰ ਉਡਾ ਦਿੰਦਾ। ਜੇ ਕੋਈ ਗਰੀਬ ਪੇਂਡੂ ਕਿਤੇ ਦੁੱਧ ਵਿਚ ਮਰੀ ਪਈ ਮੱਖੀ ਦੀ ਸ਼ਿਕਾਇਤ ਕਰਦਾ ਤਾਂ ਹਲਵਾਈ ਉਹਨੂੰ ਗੁਸਤਾਖ ਲਹਿਜੇ ਵਿਚ ਕਹਿੰਦਾ, "ਦੋ ਪੈਸਿਆਂ ਦੇ ਦੁੱਧ ਵਿਚ ਹੋਰ ਤੂੰ ਮਰਿਆ ਹਾਥੀ ਭਾਲਦਾਂ।" ਪਰ ਇਹਨਾਂ ਸਰਦਾਰਾਂ ਨੂੰ ਉਹ ਕਸੂਰ ਮੰਨਣ ਦੇ ਲਹਿਜ਼ੇ ਵਿਚ ਕਹਿੰਦਾ, "ਕੀ ਕਰਾਂ ਸਰਦਾਰ ਜੀ ਇਹ ਗਰੀਬ ਮੱਖੀਆਂ ਵੀ ਅਮਰੀਕਾ ਦੇ ਅਮੀਰ ਖਾਲਸਿਆਂ ਵਾਂਗ ਮੇਰੀਆਂ ਜਲੇਬੀਆਂ ਨੂੰ ਬਹੁਤ ਪਸੰਦ ਕਰਦੀਆਂ ਹਨ

ਉਸਦੀ ਇਸ ਗੱਲ ਤੇ ਸਰਦਾਰ ਆਪਣੇ ਅਮਰੀਕਨ ਸੂਟਾਂ ਵਿਚ ਖੁਲ੍ਹ ਕੇ ਹੱਸਦੇ ਜਦੋਂ ਮੱਖੀਆਂ ਮੁੜ ਆ ਕੇ ਮਠਿਆਈ ਤੇ ਬਹਿੰਦੀਆਂ ਤਾਂ ਉਹ ਕਹਿੰਦੇ, "ਮੱਖੀਆਂ ਵੀ ਉਨੀਆਂ ਹੀ ਢੀਠ ਹਨ ਜਿੰਨਾ ਇਹ ਹਲਵਾਈ ਸ਼ਰਾਰਤੀ ਹੈ।" ਹਲਵਾਈ ਸੰਤੁਸ਼ਟੀ ਨਾਲ ਕਹਿੰਦਾ "ਸਰਦਾਰ ਜੀ ਹਰ ਇਕ ਨੂੰ ਮੌਜ ਕਰਨ ਦਿਓ ਮੇਰੀ ਮਠਿਆਈ ਦੇਖ ਕੇ ਤਾਂ ਰੱਬ ਵੀ ਨਾ ਰਹਿ ਸਕੇ।"

ਪਰ ਇਥੇ ਇਸ ਸਾਫ-ਸੁਥਰੀ ਤੇ ਖੁਸ਼ਹਾਲ ਨਵੀਂ ਦੁਨੀਆਂ ਵਿਚ 'ਵੀਕ ਐਂਡ' ਤੋਂ ਬਿਨਾਂ ਪੰਜਾਬੀ ਕੰਮ ਵਾਲੇ ਮੈਲੇ ਨੀਲੇ ਕਪੜੇ ਪਾਉਂਦੇ। ਚੀਨਿਆਂ ਵਾਂਗ ਵੈਨਕੂਵਰ ਵਿਚ ਖੋਖਿਆਂ ਵਰਗੇ ਟੁੱਟੇ ਘਰਾਂ ਵਾਲੀਆਂ ਬਸਤੀਆਂ ਵਿਚ ਜਾਂ ਕੰਮਾਂ ਤੇ ਮਿਲੀਆਂ ਡਿਗੂੰ ਡਿਗੂੰ ਕਰਦੀਆਂ 'ਸ਼ੈੱਡਾਂ' ਵਿਚ ਰਹਿੰਦੇ। ਇਥੋਂ ਦੇ ਅਸਲੀ ਬਸ਼ਿੰਦਿਆਂ, ਜੋ ਇਹਨਾਂ ਨੂੰ ਘਟੀਆ ਨਜ਼ਰ ਨਾਲ ਦੇਖਦੇ, ਨਾਲ ਇਹਨਾਂ ਦਾ ਕੋਈ ਵਾਹ ਵਾਸਤਾ ਨਹੀਂ ਸੀ। ਡੁਮੀਨੀਅਨ ਮਿਲ ਵਿਚ ਉਹ 'ਬੰਕ-ਹਾਊਸਾਂ' ਵਿਚ ਰਹਿੰਦੇ ਸਨ। ਇਕ ਦੂਜੇ ਦੇ ਸਮਾਨਅੰਤਰ ਛੇ ਲੰਬੀਆਂ 'ਸ਼ੈੱਡਾਂ' ਸਨ ਅਤੇ ਹਰ ਇਕ ਸ਼ੈੱਡ ਛੋਟੇ ਛੋਟੇ ਕਮਰਿਆਂ ਵਿਚ ਵੰਡੀ ਹੋਈ ਸੀ ਅਤੇ ਹਰੇਕ ਕਮਰੇ ਵਿਚ ਦੋ 'ਬੰਕ-ਬੈੱਡ' ਸਨ। ਇਹ ਸ਼ੈੱਡਾਂ ਫਰੇਜ਼ਰ ਦਰਿਆ ਦੇ ਕੰਢੇ ਮਿਲ ਦੀ ਰਹਿੰਦ ਖੂੰਹਦ ਅਤੇ ਸਿੱਲ੍ਹੇ ਬੂਰੇ ਨਾਲ ਪੂਰੀ ਦਲਦਲ ਉਪਰ ਬਣੀਆਂ ਹੋਈਆਂ ਸਨ। ਸਮਾਂ ਪੈਣ ਕਰਕੇ ਉਹਨਾਂ ਦਾ ਰੰਗ ਗਾਹੜਾ ਸਲੇਟੀ ਹੋ ਗਿਆ ਸੀ ਤੇ ਉਹ ਫੁੱਟ ਫੁੱਟ ਭਰ ਬੂਰੇ ਵਿਚ ਖੁਭੀਆਂ ਹੋਈਆਂ ਸਨ। ਇਹਨਾਂ ਸ਼ੈੱਡਾਂ ਦੇ ਲਾਂਘੇ ਵਿਚ ਦੋਵੇਂ ਪਾਸੀਂ ਕੰਮ ਵਾਲੇ ਮੈਲੇ ਕਪੜੇ ਟੰਗੇ ਹੋਏ ਸਨ ਜਿਹੜੇ ਹੇਠਾਂ ਪਏ ਭਾਰੀ ਕੰਮ ਦੇ ਬੂਟਾਂ ਅਤੇ ਰਬੜ ਦੇ ਲੰਬੇ ਬੂਟਾਂ ਨੂੰ ਲਗਭਗ ਛੂਹ ਰਹੇ ਸਨ। ਤੇ ਲੱਕੜ ਦੇ ਫਰਸ਼ ਤੇ ਮੇਖਾਂ ਦੇ ਨੰਗੇ ਸਿਰੇ ਚਮਕਾਂ ਮਾਰਦੇ ਸਨ।

"ਬੂਰੇ ਕਰਕੇ ਕੀੜਿਆਂ ਨੂੰ ਖਤਮ ਕਰਨਾ ਮੁਸ਼ਕਲ ਹੈ ਕਿਉਂਕਿ ਬੂਰੇ ਵਿਚ ਇਹ ਬਹੁਤ ਜਲਦੀ ਵੱਧਦੇ ਹਨ। ਜਿੰਨੇ ਆਪਾਂ ਮਾਰ ਸਕਦੇ ਹਾਂ ਉਸ ਨਾਲੋਂ ਵੀ ਜ਼ਿਆਦਾ।" ਨੱਥਾ ਸਿੰਘ ਨੇ ਕਿਹਾ।

"ਨਾਲੇ ਤੁਸੀਂ ਸ਼ਕਾਇਤ ਵੀ ਨਹੀਂ ਕਰ ਸਕਦੇ। ਮਾਲਕਾਂ ਦਾ ਕਹਿਣਾ ਹੈ ਕਿ ਜੇ ਤੁਸੀਂ ਦਿਨ ਵੇਲੇ ਪੂਰਾ ਤਾਣ ਲਾ ਕੇ ਕੰਮ ਕੀਤਾ ਹੋਵੇ ਤਾਂ ਤੁਹਾਨੂੰ ਰਾਤ ਨੂੰ ਸੌਣ ਦੀ ਤਕਲੀਫ ਨਹੀਂ ਹੋ ਸਕਦੀ", ਨੱਥਾ ਸਿੰਘ ਨੇ ਤਨਜ਼ ਅਤੇ ਦਿਲ ਪਰਚਾਵੇ ਵਾਲੇ ਰਲਦੇ ਮਿਲਦੇ ਅੰਦਾਜ਼ ਨਾਲ ਕਿਹਾ।

ਵੈਨਕੂਵਰ ਤੋਂ ਨਿਊਵੈਸਟਮਿਨਸਟਰ ਨੂੰ ਜਾਂਦੀ ਗੱਡੀ ਦੀ ਲਾਈਨ ਦੇ ਨਾਲ ਨਾਲ ਦਰਜਨ ਕੋ ਦੇ ਕਰੀਬ ਆਰਾਮਦਾਇਕ ਘਰ ਬਣੇ ਹੋਏ ਸਨ। ਇਹਨਾਂ ਘਰਾਂ ਦੇ ਚਿੱਟਾ ਰੋਗਨ ਕੀਤੇ ਦਰਵਾਜ਼ੇ ਅਤੇ ਬਾਰੀਆਂ, ਘਰ ਦੇ ਪਾਸਿਆਂ ਤੇ ਲੱਗੀਆਂ ਗੂਹੜੀਆਂ ਭੂਰੀਆਂ 'ਸ਼ਿੰਗਲ ਸਾਈਡਿੰਗ' ਦੇ ਮੁਕਾਬਲੇ ਬਹੁਤ ਉਠਦੇ ਸਨ। ਮਿਲ ਦੇ ਵੱਖ ਵੱਖ ਵਿਭਾਗਾਂ ਦੇ ਉਚ ਅਧਿਕਾਰੀ ਅਤੇ ਤਕਨੀਕੀ ਕਾਮੇ ਜਿਵੇਂ: ਸਾਅਰ, ਫਾਈਲਰ, ਇੰਜੀਨੀਅਰ ਅਤੇ ਮਿਲ ਰਾਈਟ ਆਦਿ ਆਪਣੇ



ਸਾਧੂ ਸਿੰਘ ਧਾਮੀ

ਪ੍ਰਵਾਰਾਂ ਸਮੇਤ ਇਹਨਾਂ ਘਰਾਂ ਵਿਚ ਰਹਿੰਦੇ ਸਨ। ਐਤਵਾਰ ਤੋਂ ਬਿਨਾਂ ਹਰ ਸਵੇਰ ਨੂੰ ਹੱਥਾਂ ਵਿਚ ਕਾਲੇ 'ਲੰਚ-ਬਾਕਸ' ਫੜੀ ਚਿੱਟੇ ਕਾਮੇ ਪਹਾੜੀ ਦੇ ਨਾਲ ਮੈਰੀਨ ਡਰਾਈਵ ਤੋਂ ਉਤੇ ਬਣੀ ਪੱਥਰਾਂ ਦੀ ਅਤੇ ਮਿੱਟੀ ਦੀ ਉਚੀ ਨੀਵੀਂ ਸੜਕ-ਉਪਰ ਤੁਰਦੇ ਦਿਖਾਈ ਦਿੰਦੇ। ਉਹ ਜੰਗਲ ਸਾਫ ਕਰਕੇ ਬਣਾਏ 'ਸ਼ੈਕਾਂ' ਵਰਗੇ ਛੋਟੇ ਛੋਟੇ ਘਰਾਂ ਵਿਚ ਰਹਿੰਦੇ ਸਨ। ਇਹ ਘਰ ਦੂਹਰੀ ਵਾਰ ਉੱਗ ਆਏ ਫਰ ਦੇ ਦਰੱਖਤਾਂ ਅਤੇ ਝਾੜੀਆਂ ਉਹਲੇ ਅੱਧਾ ਕੁ ਲੁਕੇ ਹੋਏ ਸਨ।

'ਹਿੰਦੂ ਬੁਆਏ', ਜਿਵੇਂ ਕਿ ਭਾਰਤੀ ਕਾਮਿਆਂ (ਪੰਜਾਬ ਤੋਂ ਆਏ ਸਿਖ ਕਿਸਾਨ) ਨੂੰ ਸੱਦਿਆ ਜਾਂਦਾ ਸੀ, ਆਪਣਾ ਸਾਂਝਾ ਲੰਗਰ ਚਲਾਉਂਦੇ ਸਨ। ਹਰ ਇਕ ਰਾਸ਼ਨ ਲਈ ਹਿੱਸੇ ਆਉਂਦੀ ਰਕਮ ਦਿੰਦਾ ਸੀ ਅਤੇ ਆਪਣੀ ਇਕ ਦਿਨ ਦੀ ਤਨਖਾਹ ਰਸੋਈਏ ਨੂੰ ਉਹਦੀ ਤਨਖਾਹ ਵਜੋਂ ਦਿੰਦਾ ਸੀ। ਸੌ ਦੇ ਲਗਭਗ ਭਾਰਤੀ ਕਾਮੇ ਉਥੇ ਕੰਮ ਕਰਦੇ ਸਨ। ਉਹਨਾਂ ਵਿਚ ਹਰ ਇਕ ਪੂਰਨ ਧਾਰਮਿਕ ਸਿੱਖਾਂ ਸਮੇਤ, ਆਪਣੇ ਆਪ ਨੂੰ ਹਿੰਦੂ ਕਹਾਉਂਦੇ ਸਨ। ਇਸ ਦਾ ਇਕ ਕਾਰਨ ਤਾਂ ਆਪਣੇ ਆਪ ਨੂੰ 'ਰੈੱਡ ਇੰਡੀਅਨਾਂ' ਜਿਹਨਾਂ ਨੂੰ ਜੇਤੂ ਗੋਰਿਆਂ ਵਲੋਂ ਮਰ ਰਹੀ ਨਸਲ ਬਣਾ ਦਿੱਤੀ ਸੀ, ਤੋਂ ਵੱਖ ਕਰਨਾ ਸੀ। ਦੂਸਰਾ ਕਾਰਨ ਸੀ ਕਿ ਨਸਲੀ ਚਿੱਟਿਆਂ ਨੂੰ ਉਹਨਾਂ ਦੇ ਧਰਮ ਬਾਰੇ ਕੋਈ ਪਰਵਾਹ ਨਹੀਂ ਸੀ ਉਹਨਾਂ ਲਈ ਤਾਂ ਹਿੰਦੁਸਤਾਨ ਵਿਚੋਂ ਆਇਆ ਹਰ ਇਕ ਹਿੰਦੂ ਸੀ।

ਕੈਨੇਡਾ ਵਿਚ ਆਏ ਮੋਢੀ ਪੰਜਾਬੀਆਂ ਦੀ ਕਹਾਣੀ

"ਮਲੂਕਾ" ਨਾਵਲ ਲਿਖਤ ਸਾਧੂ ਸਿੰਘ ਧਾਮੀ ਵਿਚ ਕੈਨੇਡਾ ਵਿਚ ਆਏ ਮੋਢੀ ਪੰਜਾਬੀਆਂ ਦੀ ਕਹਾਣੀ ਹੈ ਕਲਮ-ਬੱਧ ਹੈ। ਨਾਵਲ ਦਾ ਮੁਖ ਪਾਤਰ ਮਲੂਕਾ ਸਤਾਰਾਂ ਅਠਾਰਾਂ ਸਾਲ ਦੀ ਉਮਰ ਵਿਚ ਕੈਨੇਡਾ ਆਉਂਦਾ ਹੈ ਤੇ ਮਿਲ ਵਿਚ ਕੰਮ ਕਰਦਾ ਹੈ। ਉਸ ਨੂੰ ਉਸ ਵੇਲੇ ਦੇ ਪੰਜਾਬੀ ਪ੍ਰੇਰ ਕੇ ਪੜ੍ਹਨ ਲਾਉਂਦੇ ਹਨ ਤੇ ਉਹ ਉਨ੍ਹਾਂ ਦੀ ਕਹਾਣੀ ਨਾਵਲ ਰਾਹੀਂ ਬਿਆਨ ਕਰਦਾ ਹੈ।

ਉਨ੍ਹਾਂ ਦਾ ਕਹਿਣਾ ਸੀ, "ਮਲੂਕਿਆ ਇਹ ਸਭ ਲਿਖੀਂ ਅਤੇ ਆਪਣੇ ਖੌਲਦੇ ਖੂਨ ਨਾਲ ਲਿਖੀਂ। ਅਸੀਂ ਤਾਂ ਉਦੋਂ ਮਰ ਮਿਟ ਗਏ ਹੋਵਾਂਗੇ ਪਰ ਸਾਡੇ ਬੱਚੇ ਇਹ ਕਹਾਣੀ ਮਾਣ ਨਾਲ ਪੜ੍ਹਨਗੇ। ਸਾਰਾ ਭਾਰਤ ਵਰਸ਼ ਇਸਨੂੰ ਪੜ੍ਹੇਗਾ ਅਤੇ ਯਾਦ ਰੱਖੇਗਾ।"

ਅੱਜ ਅਸੀਂ ਸਾਰੇ ਉਨ੍ਹਾਂ ਬਜ਼ੁਰਗਾਂ ਦੀ ਬਦੌਲਤ ਇਥੇ ਹਾਂ।

ਪੰਜਾਬੀ ਲੇਖਕਾਂ ਸਾਧੂ, ਸੁਖਵੰਤ ਹੁੰਦਲ ਅਤੇ ਗੁਰਮੇਲ ਰਾਏ ਨੇ ਅੰਗਰੇਜ਼ੀ ਵਿਚੋਂ ਇਸ ਦਾ ਅਨੁਵਾਦ ਕਰਕੇ ਪੰਜਾਬੀ ਪਾਠਕਾਂ ਤੱਕ ਪੁਚਾਇਆ ਹੈ। "ਮਲੂਕੇ" ਵਾਂਗ ਕੈਨੇਡਾ ਵਿਚ ਰਹਿਣ ਵਾਲੇ ਪੰਜਾਬੀ ਇਨ੍ਹਾਂ ਤਿੰਨਾਂ ਲੇਖਕਾਂ ਦੇ ਵੀ ਰਿਣੀ ਰਹਿਣਗੇ। ਇਹ ਨਾਵਲ ਲੜੀਵਾਰ ਹਰ ਅੰਕ ਵਿਚ ਛਪੇਗਾ।

ਪੰਜਾਬ ਦੀਆਂ ਮੰਗਾਂ ਸਿੱਖਾਂ ਦੀਆਂ ਮੰਗਾਂ ਨਾ ਬਣਾਓ — ਦੰਡਵਤੇ

ਜਲੰਧਰ — ਪਾਰਲੀਮੈਂਟ ਵਿਚ ਜਨਤਾ ਦਲ ਦੇ ਆਗੂ ਮਧੂ ਦੰਡਵਤੇ ਨੇ ਕਿਹਾ ਹੈ ਕਿ ਦਹਿਸ਼ਤਗਰਦਾਂ ਨੂੰ ਸਦਾ ਲਈ ਇਕ ਗੱਲ ਸਪਸ਼ਟ ਕਰ ਦਿੱਤੀ ਜਾਣੀ ਚਾਹੀਦੀ ਹੈ ਕਿ ਭਾਰਤ ਦੇ ਲੋਕ ਆਪਣੇ ਸੈਂਕੜੇ ਭਰਾਵਾਂ ਨੂੰ ਕੁਰਬਾਨ ਕਰ ਸਕਦੇ ਹਨ ਪ੍ਰੰਤੂ ਖਾਲਿਸਤਾਨ ਦੀ ਮੰਗ ਸਵੀਕਾਰ ਨਹੀਂ ਕੀਤੀ ਜਾਵੇਗੀ।

ਇਥੇ ਸ਼ਹੀਦ ਪਰਿਵਾਰ ਫੰਡ ਵਿਚੋਂ 37 ਪਰਿਵਾਰਾਂ ਦੀ ਸਹਾਇਤਾ ਲਈ ਕੀਤੇ ਗਏ ਇਕ ਸਮਾਗਮ ਵਿਚ ਬੋਲਦਿਆਂ ਉਨ੍ਹਾਂ ਕਿਹਾ ਕਿ ਹਾਕਮ ਕਾਂਗਰਸ (ਆਈ), ਅਕਾਲੀ ਦਲ ਅਤੇ ਹੋਰ ਸਾਰੀਆਂ ਪਾਰਟੀਆਂ ਨੂੰ ਮਜ਼ਬੂਤ "ਸਿਆਸੀ ਇੱਛਾ ਸ਼ਕਤੀ" ਦਾ ਪ੍ਰਗਟਾਵਾ ਕਰਨਾ ਹੋਵੇਗਾ ਤਾਂ ਹੀ ਪੰਜਾਬ ਮਸਲੇ ਦਾ ਹੱਲ ਲੱਭਿਆ ਜਾ ਸਕਦਾ ਹੈ। ਸ੍ਰੀ ਦੰਡਵਤੇ ਉਨ੍ਹਾਂ ਲੋਕਾਂ ਉਪਰ ਬੁਰੀ ਤਰ੍ਹਾਂ ਵਰ੍ਹੇ ਜਿਹੜੇ ਕਹਿੰਦੇ ਹਨ ਕਿ ਵਿਰੋਧੀ ਪਾਰਟੀਆਂ ਨੂੰ ਪੰਜਾਬ ਮਸਲਾ ਹੱਲ ਕਰਨ ਲਈ ਪਹਿਲ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਿਆਸੀ ਹੱਲ ਲੱਭਣਾ ਅਤੇ ਅਮਨ-ਕਾਨੂੰਨ ਬਣਾਈ ਰੱਖਣਾ ਸਰਕਾਰ ਦੀ ਜ਼ਿਮੇਂਵਾਰੀ ਹੈ। ਫਿਰ ਵੀ ਵਿਰੋਧੀ ਪਾਰਟੀਆਂ, ਜਦੋਂ ਵੀ ਸਰਕਾਰ ਚਾਹੇ, ਹਰ ਤਰ੍ਹਾਂ ਦੀ ਸਹਾਇਤਾ ਦੇਣ ਨੂੰ ਤਿਆਰ ਹਨ।

ਉਨ੍ਹਾਂ ਯਾਦ ਦਿਵਾਇਆ ਕਿ ਪਹਿਲਾਂ ਵੀ ਵਿਰੋਧੀ ਪਾਰਟੀਆਂ ਨੇ ਪੰਜਾਬ ਮਸਲਾ ਹੱਲ ਕਰਨ ਲਈ ਹਰ ਸੰਭਵ ਕੋਸ਼ਿਸ਼ ਕੀਤੀ ਸੀ ਤੇ ਸਰਕਾਰ ਨਾਲ ਮੀਟਿੰਗਾਂ ਵਿਚ ਕਈ ਵੇਰ ਆਮ ਸਹਿਮਤੀ ਵੀ ਹੋਈ। ਪ੍ਰੰਤੂ ਸਰਕਾਰ ਕਦੇ ਵੀ ਪੰਜਾਬ ਮਸਲੇ ਨੂੰ ਹੱਲ ਕਰਨ ਪ੍ਰਤੀ ਦਿਆਨਤਦਾਰ ਨਹੀਂ ਰਹੀ ਹੈ। ਅਗਰ ਸਰਕਾਰ ਆਮ ਸਹਿਮਤੀ ਨੂੰ ਪ੍ਰਵਾਨ ਕਰ ਲੈਂਦੀ ਤਾਂ ਨਾ ਸ੍ਰੀਮਤੀ ਇੰਦਰਾ ਗਾਂਧੀ ਦੀ ਹੱਤਿਆ ਹੁੰਦੀ, ਨਾ ਅਪਰੇਸ਼ਨ 'ਬਲਿਊ ਸਟਾਰ' ਤੇ 'ਬਲੈਕ ਥੰਡਰ' ਤਕ ਨੌਬਤ ਆਉਂਦੀ।

ਜਨਤਾ ਆਗੂ ਨੇ ਕਿਹਾ ਕਿ ਜਦੋਂ ਤੀਕਰ ਦਹਿਸ਼ਤਗਰਦਾਂ ਦੀ ਇਹ ਆਸ ਕਾਇਮ ਰਹਿੰਦੀ ਹੈ ਕਿ ਅੰਨ੍ਹੇਵਾਹ ਲੋਕਾਂ ਦੀਆਂ ਹੱਤਿਆਵਾਂ ਕਰ ਕੇ, ਬੰਦੂਕ ਦੀ ਨੋਕ 'ਤੇ ਉਹ ਝੁਕਾ ਸਕਦੇ ਹਨ, ਦਹਿਸ਼ਤਵਾਦ ਜਾਰੀ ਰਹੇਗਾ। ਸਾਰੀਆਂ ਸਿਆਸੀ ਪਾਰਟੀਆਂ ਨੂੰ ਇਹ ਪ੍ਰਣ ਲੈਣਾ ਹੋਵੇਗਾ ਕਿ 1947 ਦਾ ਦੁਖਾਂਤ ਮੁੜ ਦਹੁਰਾਇਆ ਨਹੀਂ ਜਾਵੇਗਾ। ਉਨ੍ਹਾਂ ਪੰਜਾਬ ਬੀ ਐਸ ਐਫ ਦੇ ਇੰਸਪੈਕਟਰ ਜਨਰਲ ਪ੍ਰਕਾਸ਼ ਸਿੰਘ ਦੇ ਇਨ੍ਹਾਂ ਵਿਚਾਰਾਂ ਨਾਲ ਸਹਿਮਤੀ ਪ੍ਰਗਟ ਕੀਤੀ ਕਿ ਪੰਜਾਬ ਦੀ ਉਲਝੀ ਹੋਈ ਤਾਣੀ ਅਮਨ-ਕਾਨੂੰਨ, ਸਿਆਸੀ, ਆਰਥਿਕ, ਸਮਾਜਿਕ ਤੇ ਮਨੋਵਿਗਿਆਨਕ ਪੱਖਾਂ ਤੇ ਬਹੁਮੁਖੀ ਨੀਤੀ ਅਪਣਾ ਕੇ ਹੀ ਸੁਲਝਾਈ ਜਾ ਸਕਦੀ ਹੈ।

ਪ੍ਰੋ. ਦੰਡਵਤੇ ਨੇ ਕਿਹਾ ਕਿ ਪੰਜਾਬ ਮਸਲਾ, ਸਿਖ ਮਸਲਾ ਨਹੀਂ ਹੈ। ਪੰਜਾਬ ਦੀਆਂ ਮੰਗਾਂ ਨੂੰ ਸਿੱਖਾਂ ਦੀਆਂ ਨਹੀਂ, ਪੰਜਾਬੀਆਂ ਦੀਆਂ ਮੰਗਾਂ ਬਣਾ ਕੇ ਪੇਸ਼ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਚਿਤਾਵਨੀ ਕਰਾਈ ਕਿ ਪੰਜਾਬ ਵਿਚ ਖੇਡੀ ਜਾ ਰਹੀ ਹੱਤਿਆਵਾਂ ਦੀ ਸਿਆਸਤ ਨਾ ਕੇਵਲ ਲੋਕ ਰਾਜ ਨੂੰ ਤਬਾਹ ਕਰ ਦੇਵੇਗੀ ਬਲਕਿ ਦੇਸ਼ ਵੀ ਇਸ ਨਾਲ ਤਬਾਹ ਹੋ ਜਾਵੇਗਾ।

ਜਨਤਾ ਆਗੂ ਨੇ ਕਿਹਾ ਕਿ ਹਤਿਆਰੇ ਤਾਂ ਪੰਜਾਬ ਵਿਚ ਹਰਲ ਹਰਲ ਕਰਦੇ ਫਿਰਦੇ ਹਨ, ਜੋਧਪੁਰ ਦੀ ਜੇਲ੍ਹ ਵਿਚ "ਬੇਗੁਨਾਹਾਂ" ਨੂੰ ਲਗਾਤਾਰ ਨਜ਼ਰਬੰਦ ਰੱਖਿਆ ਜਾ ਰਿਹਾ ਹੈ। ਇਹ ਦਹਿਸ਼ਤਵਾਦ ਫੈਲਾਉਣ ਲਈ ਇਕ ਵੱਡੀ ਭੜਕਾਹਟ ਦਾ ਕਾਰਨ ਹੈ।

ਅਕਾਲੀ ਆਗੂ ਜਥੇਦਾਰ ਜੀਵਨ ਸਿੰਘ ਉਮਰਾਨੰਗਲ, ਭਾਜਪਾ ਆਗੂ ਬਲਦੇਵ ਪ੍ਰਕਾਸ਼ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਆਗੂ ਚਿਰੰਜੀਵ ਸਿੰਘ, ਆਰ. ਐਸ. ਐਸ. ਆਗੂ ਲਕਸ਼ਮੀ ਕਾਂਤ ਚਾਵਲਾ ਨੇ ਵੀ ਇਸ ਸਮਾਗਮ 'ਚ ਤਕਰੀਰਾਂ ਕੀਤੀਆਂ।

ਪੰਜਾਬ ਨੂੰ ਵਿਸ਼ੇਸ਼ ਅਧਿਕਾਰ ਦਿਵਾਉਣ ਲਈ ਮੁਹਿੰਮ ਦਾ ਪ੍ਰੋਗਰਾਮ

ਜੈਤੋ — ਇੰਟਰਨੈਸ਼ਨਲਿਸਟ ਡੈਮੋਕ੍ਰੇਟਿਕ ਪਾਰਟੀ ਦੀ ਪੰਜਾਬ ਸੂਬਾ ਕਮੇਟੀ ਵਲੋਂ ਪੰਜਾਬ ਨੂੰ ਭਾਰਤੀ ਢਾਂਚੇ ਦੇ ਅੰਦਰ ਵਿਸ਼ੇਸ਼ ਅਧਿਕਾਰ ਦਿਵਾਉਣ ਅਤੇ ਭਾਰਤ-ਪਾਕਿ ਦੀ ਦੁਸ਼ਮਣੀ ਖਤਮ ਕਰ ਕੇ ਦੋਵਾਂ ਦਾ ਮਹਾਂਸੰਘ ਕਾਇਮ ਕਰਨ ਦੇ ਪੱਖ ਵਿਚ ਜਨਵਰੀ ਦੇ ਸ਼ੁਰੂ ਤੋਂ ਲੈ ਕੇ 23 ਮਾਰਚ ਤੱਕ (ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਨ ਤੱਕ) ਵਿਸ਼ੇਸ਼ ਪ੍ਰਚਾਰ ਮੁਹਿੰਮ ਲਾਮਬੰਦ ਕਰਨ ਦਾ ਫੈਸਲਾ ਕੀਤਾ ਗਿਆ ਹੈ।

ਪਾਰਟੀ ਦੀ ਸੂਬਾ ਕਮੇਟੀ ਦੇ ਮੈਂਬਰ ਸ੍ਰੀ ਤਰਸੇਮ ਚੰਦ ਨੇ ਕਿਹਾ ਹੈ ਕਿ ਇਸ ਮੁਹਿੰਮ ਵਿਚ ਜਨਵਰੀ ਤੇ ਫਰਵਰੀ ਦੇ ਮਹੀਨਿਆਂ ਵਿਚ ਸੈਮੀਨਾਰ, ਪਬਲਿਕ ਮੀਟਿੰਗਾਂ, ਝੰਡੇ ਮਾਰਚ ਤੇ ਲੋਕਲ ਪੱਧਰ 'ਤੇ ਕਾਨਫਰੰਸਾਂ ਕੀਤੀਆਂ ਜਾਣਗੀਆਂ ਅਤੇ 13 ਮਾਰਚ ਤੋਂ 23 ਮਾਰਚ ਤਕ ਪੰਜਾਬ ਦੇ ਜ਼ਿਲਾ ਹੈਡਕੁਆਰਟਰਾਂ ਤੋਂ ਸਾਈਕਲ ਜਥੇ ਪਿੰਡਾਂ ਤੇ ਸ਼ਹਿਰਾਂ ਵਿਚ ਦੀ ਪ੍ਰਚਾਰ ਕਰਦੇ ਹੋਏ ਜਲੰਧਰ ਪੁਜਣਗੇ ਜਿਥੇ ਜ਼ਿਲਾ ਪੱਧਰੀ ਕਾਨਫਰੰਸ ਵਿਚ ਇਹ ਮੁਹਿੰਮ ਮੁਕੰਮਲ ਹੋਵੇਗੀ। ਪਾਰਟੀ ਆਗੂ ਨੇ ਕਿਹਾ ਕਿ ਆਪਸ ਵਿਚ ਤਿੰਨ ਲੜਾਈਆਂ ਕਰ ਕੇ ਭਾਰਤ ਤੇ ਪਾਕਿਸਤਾਨ ਜਿਥੇ ਲੱਖਾਂ ਲੋਕਾਂ ਦੀਆਂ ਜ਼ਿੰਦਗੀਆਂ ਦੀ ਬਲੀ ਦੇ ਚੁੱਕੇ ਹਨ ਉਥੇ ਅਰਬਾਂ ਰੁਪਏ ਦਾ ਮਾਲੀ ਨੁਕਸਾਨ ਵੀ ਉਠਾ ਚੁਕੇ ਹਨ ਤੇ ਉਠਾ ਰਹੇ ਹਨ। ਸਭਿਆਚਾਰਕ ਤੇ ਮਾਨਸਿਕ ਪੀੜਾਂ ਦੀ ਤਾਂ ਇੰਤਹਾ ਹੀ ਹੋ ਚੁਕੀ ਹੈ। ਦੋਵੇਂ ਦੇਸ਼ਾਂ ਦੇ ਕੁੜੱਤਣ ਵਾਲੇ ਸੰਬੰਧਾਂ ਕਾਰਨ ਤੀਜੀ ਦੁਨੀਆਂ ਦੇ ਇਨ੍ਹਾਂ ਗਰੀਬ ਦੇਸ਼ਾਂ ਨੂੰ ਆਪਣੀਆਂ ਕੌਮੀ ਆਮਦਨਾਂ ਦਾ ਵੱਡਾ ਹਿਸਾ ਰੱਖਿਆ ਬਜਟਾਂ ਉਪਰ ਖਰਚ ਕਰਨਾ ਪੈ ਰਿਹਾ ਹੈ ਜਿਸ ਕਾਰਨ ਦੋਵੇਂ ਦੇਸ਼ਾਂ ਦੇ ਵਿਕਾਸ ਕਾਰਜ ਠੱਪ ਹੋ ਕੇ ਰਹਿ ਗਏ ਹਨ ਤੇ ਦੋਵੇਂ ਦੇਸ਼ ਖਰਬਾਂ ਰੁਪਏ ਦੇ ਕਰਜ਼ਾਈ ਹੋ ਚੁਕੇ ਹਨ। ਉਨ੍ਹਾਂ ਕਿਹਾ ਕਿ ਭਾਰਤ-ਪਾਕਿ ਕਨਫੈਡਰੇਸ਼ਨ ਬਣਨ ਨਾਲ ਕਾਫੀ ਸੰਕਟ ਹੱਲ ਹੋ ਜਾਣਗੇ। ਇਸ ਕਨਫੈਡਰੇਸ਼ਨ ਦੀ ਸ਼ੁਰੂਆਤ ਐਟਮੀ ਹਥਿਆਰ ਨਾ ਬਣਾਉਣ ਦੀ ਸੰਧੀ 'ਤੇ ਦਸਤਖਤ ਕਰ ਕੇ, ਜੰਗ ਨਾ ਕਰਨ (ਨੋ ਵਾਰ ਪੈਕਟ) ਦੀ ਸੰਧੀ ਕਰ ਕੇ ਅਤੇ ਸਾਂਝੀ ਸਰਹੱਦੀ ਸੁਰੱਖਿਆ ਕਰ ਕੇ ਕੀਤੀ ਜਾਣੀ ਚਾਹੀਦੀ ਹੈ।

ਸੀਤ ਲਹਿਰ ਨਾਲ 61 ਮੌਤਾਂ

ਸ਼ਿਮਲਾ — ਉਤਰੀ ਭਾਰਤ ਵਿਚ ਠੰਡ ਕਾਰਨ ਪਿਛਲੇ ਹਫ਼ਤੇ 61 ਮੌਤਾਂ ਹੋਈਆਂ। ਇਹ ਸੀਤ ਲਹਿਰ ਸਾਰੇ ਉਤਰੀ ਭਾਰਤ ਵਿਚ ਰਹੀ। ਪਿਛਲਾ ਪੂਰਾ ਹਫਤਾ ਠੰਡੀਆਂ ਹਵਾਵਾਂ ਕਾਰਨ ਕੜਾਕੇ ਦੀ ਸਰਦੀ ਪੈਣ ਦੀਆਂ ਖਬਰਾਂ ਹਨ।

ਅਕਾਲੀਆਂ ਵਿਚ ਅਤਿਵਾਦ ਵਿਰੁੱਧ ਏਕਤਾ ਦੀ ਲੋੜ

ਦਿੱਲੀ ਤੋਂ ਛਪਦੇ ਅੰਗਰੇਜ਼ੀ ਦੇ ਅਖਬਾਰ ਸਟੇਟਸਮੈਨ ਨੇ ਸੀ. ਪੀ. ਆਈ. (ਐਮ) ਦੇ ਪੋਲਿਟ ਬਿਊਰੋ ਮੈਂਬਰ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਨਾਲ ਇਕ ਵਿਸ਼ੇਸ਼ ਇੰਟਰਵਿਊ ਛਾਪੀ ਹੈ। ਇਸ ਨੂੰ ਅਸੀਂ ਹੂਬਹੂ ਛਾਪ ਰਹੇ ਹਾਂ — ਸੰਪਾਦਕ

ਸਟੇਟਸਮੈਨ ਲਿਖਦਾ ਹੈਕਿ ਸੀ. ਪੀ. ਆਈ. (ਐਮ) ਪੋਲਿਟ ਬਿਊਰੋ ਦੇ ਸੀਨੀਅਰ ਮੈਂਬਰ ਅਤੇ ਉਤਰੀ ਭਾਰਤ ਵਿਚ ਸਭ ਨਾਲੋਂ ਵੱਧ ਸਤਿਕਾਰੇ ਜਾਂਦੇ ਕਮਿਊਨਿਸਟ ਆਗੂ ਹਰਕਿਸ਼ਨ ਸਿੰਘ ਸੁਰਜੀਤ ਨੇ ਪਾਰਟੀ ਦੀ ਰਾਸ਼ਟਰੀ ਨੀਤੀ ਤਹਿ ਕਰਨ ਅਤੇ ਇਸ ਗੱਲ ਨੂੰ ਤਹਿ ਕਰਨ ਕਿ ਇਸ ਦਾ ਦੂਸਰੇ ਦੇਸ਼ਾਂ ਦੀਆਂ ਕਮਿਊਨਿਸਟ ਪਾਰਟੀਆਂ ਪ੍ਰਤੀ ਵਤੀਰਾ ਕੀ ਹੋਣਾ ਚਾਹੀਦਾ ਹੈ, ਵਿਚ ਮਹੱਤਵਪੂਰਨ ਰੋਲ ਅਦਾ ਕੀਤਾ ਹੈ। ਹਲਚਲ ਮਚੇ ਪੰਜਾਬ ਵਿਚ ਉਹਨਾਂ ਦੀ ਆਵਾਜ਼ ਨੂੰ ਇਕੋ ਇਕ ਸਿਹਤਮੰਦ ਤੇ ਸੂਝ ਭਰੀ ਆਵਾਜ਼ ਵਜੋਂ ਲਿਆ ਗਿਆ ਹੈ। ਇਸ ਇੰਟਰਵਿਊ ਵਿਚ ਕਾਮਰੇਡ ਸੁਰਜੀਤ ਨੇ ਸੀ. ਪੀ. ਆਈ (ਐਮ) ਦੇ ਦੂਸਰੇ ਦੇਸ਼ਾਂ ਦੀਆਂ ਕਮਿਊਨਿਸਟ ਪਾਰਟੀਆਂ ਨਾਲ ਭਰਾਤਰੀ ਸੰਬੰਧਾਂ, ਪੰਜਾਬ ਵਿਚਲੀ ਰਾਜਨੀਤਕ ਸਥਿਤੀ ਅਤੇ ਆਪੋਜ਼ੀਸ਼ਨ ਵਿਚ ਵਾਪਰੀਆਂ ਘਟਨਾਵਾਂ ਬਾਰੇ ਪੁਛੇ ਗਏ ਪ੍ਰਸ਼ਨਾਂ ਦੇ ਉਤਰ ਦਿੱਤੇ ਹਨ।

ਸਵਾਲ : 12ਵੀਂ ਪਾਰਟੀ ਕਾਂਗਰਸ ਪਿਛੋਂ ਸੀ. ਪੀ. ਆਈ. (ਐਮ) ਦੀ ਬਦੇਸ਼ ਨੀਤੀ ਵਿਚ ਕੀ ਕੋਈ ਤਬਦੀਲੀ ਆਈ ਹੈ ? ਇਹ ਪਹਿਲੀ ਵਾਰ ਹੈ ਕਿ ਤੁਸੀਂ ਦੂਸਰੇ ਦੇਸ਼ਾਂ ਦੀਆਂ ਕਮਿਊਨਿਸਟ ਪਾਰਟੀਆਂ ਦੇ ਡੈਲੀਗੇਟਾਂ ਨੂੰ ਪਾਰਟੀ ਕਾਂਗਰਸ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ, ਅਜਿਹਾ ਕਿਉਂ ?

ਉੱਤਰ : ਬੀਤੇ ਸਮੇਂ ਵਿਚ ਅਸੀਂ ਬਦੇਸ਼ੀ ਡੈਲੀਗੇਟਾਂ ਨੂੰ ਸੱਦਾ ਨਹੀਂ ਦਿੱਤਾ ਕਿਉਂਕਿ ਅਸੀਂ ਮਹਿਸੂਸ ਕਰਿਆ ਕਰਦੇ ਸਾਂ ਕਿ ਪਾਰਟੀ ਕਾਂਗਰਸ ਵਿਚ ਸਾਡੀ ਅੰਦਰੂਨੀ ਸਥਿਤੀ ਅਤੇ ਯੁਧ ਨੀਤੀਆਂ ਉਤੇ ਬਹਿਸ ਕੀਤੀ ਜਾਣੀ ਹੁੰਦੀ ਹੈ ਜਿਸ ਵਿਚ ਕਿ ਬਦੇਸ਼ੀ ਡੈਲੀਗੇਟਾਂ ਵਲੋਂ ਹਿਸਾ ਨਹੀਂ ਪਾਇਆ ਜਾਣਾ ਹੁੰਦਾ। ਪਰ ਹੁਣ ਸਮੁੱਚੇ ਸੰਸਾਰ ਵਿਚ ਕਮਿਊਨਿਸਟ ਪਾਰਟੀਆਂ ਦੇ ਅੰਦਰ ਬਹੁਤ ਸਾਰੀ ਖੁਲੀ ਗਲਬਾਤ ਹੋਣੀ ਸ਼ੁਰੂ ਹੋ ਗਈ ਹੈ ਅਤੇ ਅਸੀਂ ਮਹਿਸੂਸ ਕਰਦੇ ਹਾਂ ਕਿ ਇਸ ਖੁਲਮਖੁਲਾ ਗੱਲਬਾਤ ਵਿਚ ਹਿਸਾ ਲੈਣ ਲਈ ਅਸੀਂ ਕਾਫੀ ਪਰਪੱਕ ਹੋ ਗਏ ਹਾਂ।

ਸਵਾਲ : ਬਰਲਿੰਗਰ ਦੀ ਇਟਲੀ ਦੀ ਕਮਿਊਨਿਸਟ ਪਾਰਟੀ ਉਹਨਾਂ ਕਮਿਊਨਿਸਟ ਪਾਰਟੀਆਂ ਵਿਚੋਂ ਹੈ ਜਿਹਨਾਂ ਨੂੰ ਕਿ ਕਾਂਗਰਸ ਲਈ ਸੱਦਾ ਦਿੱਤਾ ਗਿਆ ਹੈ। ਕੀ ਇਹ ਇਸ ਗੱਲ ਵੱਲ ਸੰਕੇਤ ਹੈ ਕਿ ਸੀ ਪੀ ਆਈ (ਐਮ) ਦੀ ਨੀਤੀ ਵਿਚ ਤਬਦੀਲੀ ਆ ਗਈ ਹੈ ਅਤੇ ਕਿ ਯੂਰੋ-ਕਮਿਊਨਿਜ਼ਮ ਨੂੰ ਸਵੀਕਾਰ ਕਰ ਲਿਆ ਗਿਆ ਹੈ ?

ਉਤਰ : ਅਸੀਂ ਵਿਅਕਤੀਗਤ ਕਮਿਊਨਿਸਟ ਪਾਰਟੀਆਂ ਵਲੋਂ ਆਪਣੇ ਆਪਣੇ ਦੇਸ਼ਾਂ ਵਿਚ ਲਏ ਸਟੈਂਡ ਵਿਚ ਨਹੀਂ ਪੈਂਦੇ। ਅਸੀਂ ਹਰ ਉਸ ਪਾਰਟੀ ਨੂੰ ਸੱਦਾ ਦਿੰਦੇ ਹਾਂ ਜਿਹੜੀ ਕਿ ਆਪਣੇ ਦੇਸ਼ ਵਿਚ ਮਜ਼ਦੂਰ ਜਮਾਤ ਦੀ ਨੁਮਾਇੰਦਗੀ ਕਰਦੀ ਹੈ

ਸਵਾਲ : ਰਾਸ਼ਟਰੀ ਮਾਮਲਿਆਂ ਵੱਲ ਆਉਂਦਿਆਂ ਵੱਖ ਵੱਖ ਅਕਾਲੀ ਧੜਿਆਂ ਵਿਚ ਤਾਜਾ ਏਕਤਾ ਸਰਗਰਮੀਆਂ ਬਾਰੇ ਤੁਹਾਡਾ ਕੀ ਵਿਚਾਰ ਹੈ ?

ਉੱਤਰ : ਜੇਕਰ ਵੱਖ ਵੱਖ ਧੜੇ ਖਾਲਿਸਤਾਨ ਦੀ ਵਿਰੋਧਤਾ ਦੇ ਆਧਾਰ ਉਤੇ ਅਤੇ ਰਾਸ਼ਟਰੀ ਏਕਤਾ ਤੇ ਰਾਸ਼ਟਰਵਾਦ ਦੇ ਝੰਡੇ ਅਧੀਨ ਇਕਮੁੱਠ ਹੁੰਦੇ ਹਨ ਤਾਂ ਇਸ ਏਕਤਾ ਦਾ ਹਾਂ-ਪੱਖੀ ਪ੍ਰਭਾਵ ਪਵੇਗਾ ਅਤੇ ਅਸੀਂ ਇਸ ਦੀ ਹਿਮਾਇਤ ਕਰਾਂਗੇ। ਪਰ ਜੇਕਰ ਇਹ ਏਕਤਾ ਬੁਨਿਆਦ ਪ੍ਰਸ਼ਤੀ ਉਤੇ ਆਧਾਰਤ ਹੈ ਜਿਵੇਂ ਕਿ ਬਰਨਾਲੇ ਨੂੰ ਅਕਾਲ ਤਖਤ ਉਤੇ ਬੁਲਾਏ ਜਾਣ ਤੋਂ ਜਾਪਦਾ ਹੈ ਤਾਂ ਫਿਰ ਇਹ ਜਮਹੂਰੀਅਤ ਅਤੇ ਭਾਰਤੀ ਰਾਜ ਲਈ ਨੁਕਸਾਨਦੇਹ ਹੋਵੇਗੀ। ਇਸ ਨਾਲ ਬੁਨਿਆਦਪ੍ਰਸਤੀ ਹੋਰ ਜ਼ਿਆਦਾ ਸਿਰ ਉਪਰ ਚੁਕੇਗੀ। ਅਸੀਂ ਅਤਿਵਾਦ ਦੇ ਨਿਖੇੜਨ ਬਾਰੇ ਐਸ. ਜੀ. ਪੀ. ਸੀ. ਦੇ ਪਹਿਲੇ ਪ੍ਰਸਤਾਵਾਂ ਦੀ ਹਿਮਾਇਤ ਕਰਦੇ ਹਾਂ। ਇਸ ਆਧਾਰ ਉਤੇ ਅਸੀਂ ਤਲਵੰਡੀ ਧੜੇ ਅਤੇ ਲੌਂਗੋਵਾਲ ਧੜੇ ਵਿਚਕਾਰ ਹੋਈ ਹਰ ਪ੍ਰਕਾਰ ਦੀ ਗੱਲਬਾਤ ਦੀ ਹਿਮਾਇਤ ਕਰਦੇ ਹਾਂ। ਪਰ ਅਸੀਂ ਧਰਮ ਨੂੰ ਰਾਜਨੀਤੀ ਨਾਲ ਰਲਗੱਡ ਕਰਨ ਦੇ ਵਿਰੋਧਤਾ ਕਰਦੇ ਆਏ ਹਾਂ ਤੇ ਕਰਦੇ ਰਹਾਂਗੇ।

ਸਵਾਲ : ਰਾਸ਼ਟਰੀ ਮੋਰਚੇ ਅਤੇ ਜਨਤਾ ਦਲ ਵਿਚਲੀਆਂ ਤਾਜ਼ਾ ਘਟਨਾਵਾਂ ਬਾਰੇ ਤੁਹਾਡੇ ਕੀ ਵਿਚਾਰ ਹਨ ?

ਉਤਰ : ਰਾਸ਼ਟਰੀ ਮੋਰਚੇ ਦੇ ਬਣਨ ਨਾਲ ਸਾਨੂੰ ਕੋਈ ਨਿਰਾਸ਼ਤਾ ਨਹੀਂ ਹੋਈ। ਅਸੀਂ ਸਗੋਂ ਰਾਸ਼ਟਰੀ ਮੋਰਚੇ ਅਤੇ ਜਨਤਾ ਦਲ ਦੇ ਬਣਨ ਦਾ ਸੁਆਗਤ ਕੀਤਾ ਹੈ। ਪਰ ਅਸੀਂ ਮਹਿਸੂਸ ਕਰਦੇ ਹਾਂ ਕਿ ਇਹ ਦੋਨੋਂ ਉਨ੍ਹਾਂ ਮਸਲਿਆਂ ਨੂੰ ਨਹੀਂ ਉਠਾ ਰਹੇ ਜਿਨਾਂ ਮਸਲਿਆਂ ਨੇ ਕਿ ਇਸ ਸਮੇਂ ਦੇਸ਼ ਅਤੇ ਦੇਸ਼ ਦੇ ਜਨਸਮੂੰਹਾਂ ਨੂੰ ਬਹੁਤ ਜ਼ਿਆਦਾ ਪ੍ਰਭਾਵਿਤ ਕੀਤਾ ਹੋਇਆ ਹੈ। ਉਹ ਰਾਸ਼ਟਰੀ ਏਕਤਾ ਅਤੇ ਫਿਰਕਾਪ੍ਰਸਤੀ ਦੀ ਗੱਲ ਨਹੀਂ ਕਰ ਰਹੇ। ਪਰ ਇਸ ਦਾ ਮਤਲਬ ਇਹ ਨਹੀਂ ਕਿ ਅਸੀਂ (ਖੱਬੀਆਂ ਪਾਰਟੀਆਂ) ਇਕ ਵੱਖਰਾ ਮੋਰਚਾ ਬਣਾਉਣਾ ਚਾਹੁੰਦੇ ਹਾਂ। ਪਰ ਅਸੀਂ ਰਾਸ਼ਟਰੀ ਮੁਹਿੰਮ ਦੇ ਤਾਲਮੇਲ ਦੇ ਉਦੇਸ਼ ਨਾਲ ਹਮ-ਖਿਆਲ ਪਾਰਟੀਆਂ ਅਤੇ ਗਰੁੱਪਾਂ ਨਾਲ ਵਿਚਾਰ-ਵਟਾਂਦਰਾ ਕਰ ਰਹੇ ਹਾਂ ਤਾਂ ਜੋ ਅਸੀਂ ਕੁਝ ਪ੍ਰੋਗਰਾਮਾਂ ਨੂੰ ਹਰਮਨ-ਪਿਆਰਾ ਬਣਾ ਸਕੀਏ ਅਤੇ ਅਜ ਦੇ ਭਖਦੇ ਮਸਲਿਆਂ ਨੂੰ ਉਠਾਉਣ ਲਈ ਰਾਸ਼ਟਰੀ ਮੋਰਚੇ ਨੂੰ ਪ੍ਰਭਾਵਿਤ ਕਰ ਸਕੀਏ। ਉਦਾਹਰਣ ਲਈ ਰਾਸ਼ਟਰੀ ਮੋਰਚੇ ਵਿਚ ਕਦੇ ਵੀ ਕਿਸੇ ਨੇ ਕੌਮਾਂਤਰੀ ਅਮਨ ਬਾਰੇ ਗੱਲ ਨਹੀਂ ਕੀਤੀ। ਉਹ ਮਹਿਸੂਸ ਕਰਦੇ ਹਨ ਕਿ ਕਿਉਂਕਿ ਰਾਜੀਵ ਗਾਂਧੀ ਅਮਨ ਦੀ ਗੱਲ ਕਰਦਾ ਹੈ, ਉਨ੍ਹਾਂ ਨੂੰ ਇਸ ਬਾਰੇ ਗੱਲ ਨਹੀਂ ਕਰਨੀ ਚਾਹੀਦੀ। ਅਸੀਂ ਨਹੀਂ ਸੋਚ ਦੇ ਕਿ ਉਨ੍ਹਾਂ ਲਈ ਦਰੁਸਤ ਹੈ। ਜਦੋਂ ਕਿ ਅਸੀਂ ਕਾਂਗਰਸ (ਆਈ) ਦੀ ਵਿਰੋਧਤਾ ਕਰਨੀ ਜ਼ਾਰੀ ਰੱਖ ਰਹੇ ਹਾਂ ਅਸੀਂ ਇਹ ਨਹੀਂ ਸੋਚਦੇ ਕਿ ਇਹ ਵਿਰੋਧਤਾ ਅੰਨ੍ਹੇ ਢੰਗ ਨਾਲ ਕੀਤੀ ਜਾਵੇ।

ਸਵਾਲ : ਤੁਸੀਂ ਦਿੱਲੀ ਵਿਚ ਹੋਈ ਤਾਜ਼ਾ ਸਨਅਤੀ ਹੜਤਾਲ ਅਤੇ ਇਸਦੀ ਸਫਲਤਾ ਬਾਰੇ ਕੀ ਸੋਚਦੇ ਹੋ ? ਕੀ ਰਾਜਧਾਨੀ ਦੇ ਰਾਜਨੀਤਕ ਮਹੌਲ ਉਤੇ ਇਸ ਦਾ ਕੋਈ ਅਸਰ ਪਵੇਗਾ ?

ਉੱਤਰ : ਇਸ ਵਿਚ ਰਤੀ ਭਰ ਵੀ ਸ਼ੱਕ ਨਹੀਂ ਕਿ ਦਿੱਲੀ ਦੀ ਸਨਅਤੀ ਹੜਤਾਲ ਸ਼ਾਨਦਾਰ ਢੰਗ ਨਾਲ ਸਫਲ ਰਹੀ। ਪਰ ਇਹ ਕਹਿਣਾ ਕਾਹਲ ਹੋਵੇਗਾ ਕਿ ਦਿੱਲੀ ਦੇ ਰਾਜਨੀਤਕ ਮਾਹੌਲ ਉਤੇ ਇਸ ਦਾ ਕੋਈ ਬਹੁਤ ਵੱਡਾ ਅਸਰ ਪਵੇਗਾ। ਪਰ, ਇਸ ਕਾਰਨ ਸੀਟੂ ਮਜ਼ਬੂਤ ਹੋਈ ਹੈ। ਵਿਸ਼ੇਸ਼ ਕਰਕੇ ਇਹ ਗੱਲ ਬਹੁਤ ਜ਼ਿਆਦਾ ਹੌਂਸਲਾ-ਵਧਾਊ ਹੈ ਕਿ ਗੈਰ-ਜਥੇਬੰਦਕ ਮਜ਼ਦੂਰਾਂ ਨੇ ਇਸ ਹੜਤਾਲ ਦੀ ਭਾਰੀ ਹਮਾਇਤ ਕੀਤੀ ਹੈ। ਜੇਕਰ ਅਸੀਂ ਉਨ੍ਹਾਂ ਨੂੰ ਜਥੇਬੰਦ ਕਰ ਲੈਂਦੇ ਹਾਂ ਤਾਂ ਉਹ ਇਕ ਮਹੱਤਵਪੂਰਨ ਰੋਲ ਅਦਾ ਕਰ ਸਕਦੇ ਹਨ।

ਟੀ. ਵੀ. ਸੀਰੀਅਲ 'ਚੋਲੀ ਦਾਮਨ' 'ਤੇ ਪਾਬੰਦੀ ਲਾਉਣ ਦੀ ਮੰਗ

ਨਵੀਂ ਦਿੱਲੀ — "ਦੂਰਦਰਸ਼ਨ ਤੋਂ ਅਤਿਵਾਦੀ ਸਮੱਸਿਆ ਨਾਲ ਸਬੰਧਤ ਪ੍ਰਸਾਰਿਤ ਕੀਤਾ ਜਾ ਰਿਹਾ ਸੀਰੀਅਲ 'ਚੋਲੀ ਦਾਮਨ' ਸਿੱਖਾਂ ਵਲੋਂ ਦੇਸ਼ ਦੀ ਆਜ਼ਾਦੀ ਅਤੇ ਉਸ ਦੀ ਰੱਖਿਆ ਲਈ ਕੀਤੀਆਂ ਕੁਰਬਾਨੀਆਂ 'ਤੇ ਪਾਣੀ ਫੇਰ ਕੇ ਉਨ੍ਹਾਂ ਨੂੰ ਪੂਰਨ ਰੂਪ ਵਿਚ ਅਤਿਵਾਦੀ ਸਥਾਪਿਤ ਕਰ ਦੇਣ ਦੀ ਇਕ ਡੂੰਘੀ ਸਾਜ਼ਿਸ਼ ਦਾ ਇਕ ਹਿਸਾ ਹੈ।" ਇਹ ਵਿਚਾਰ ਹੈਡਮਾਸਟਰ ਸੁਚਾ ਸਿੰਘ, ਜਨਰਲ ਸਕੱਤਰ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਕ ਬਿਆਨ ਵਿਚ ਪ੍ਰਗਟ ਕੀਤੇ। ਉਨ੍ਹਾਂ ਨੇ ਕਿਹਾ ਕਿ ਪਿਛਲੇ ਕੁਝ ਵਰ੍ਹਿਆਂ ਦੀਆਂ ਘਟਨਾਵਾਂ ਸਿੱਖਾਂ ਲਈ ਦੁਖਦਾਈ ਹਨ ਜਿਨ੍ਹਾਂ ਕਾਰਨ ਉਹ ਆਪਣੇ ਆਪ ਨੂੰ ਬਹੁਤ ਦੁਖੀ ਤੇ ਗੰਭੀਰ ਚੋਟ ਖਾਇਆ ਮਹਿਸੂਸ ਕਰ ਰਹੇ ਹਨ। ਲੋੜ ਇਸ ਗੱਲ ਦੀ ਹੈ ਕਿ ਉਨ੍ਹਾਂ ਦੇ ਜ਼ਖਮਾਂ 'ਤੇ ਮਲ੍ਹਮ ਲਾਈ ਜਾਵੇ ਅਤੇ ਉਨ੍ਹਾਂ ਵਿਚ ਵਿਸ਼ਵਾਸ ਪੈਦਾ ਕਰ ਕੇ ਉਨ੍ਹਾਂ ਨੂੰ ਭਾਰਤੀ ਸਮਾਜ ਵਿਚ ਮੁੜ ਕੇ ਇਕਮਿਕ ਕੀਤਾ ਜਾਵੇ ਪਰ ਦੇਸ਼ ਵਿਚ ਕੁਝ ਅਜਿਹੇ ਅਨਸਰ ਪਿਛਲੇ ਲੰਮੇ ਸਮੇਂ ਤੋਂ ਸਰਗਰਮ ਹਨ ਜੋ ਸਿੱਖਾਂ ਵਰਗੀ ਦੇਸ਼ਭਗਤ ਕੌਮ ਨੂੰ ਭਾਰਤੀ ਸਮਾਜ ਤੋਂ ਅਲੱਗ ਥਲੱਗ ਕਰ ਦੇਣਾ ਚਾਹੁੰਦੇ ਹਨ। 'ਚੋਲੀ ਦਾਮਨ' ਸੀਰੀਅਲ ਅਜਿਹੇ ਹੀ ਅਨਸਰਾਂ ਦੀ ਪੇਸ਼ਕਸ਼ ਹੈ।

ਪ੍ਰੇਮ ਚੰਦ ਦਾ ਸੁਪਨਾ ਸਾਕਾਰ ਹੋਇਆ



ਉਘੇ ਬਾਡੀ ਬਿਲਡਰ ਪ੍ਰੇਮ ਚੰਦ ਨੇ ਹੁਣੇ ਜਿਹੇ ਹੀ ਆਸਟਰੇਲੀਆ ਦੇ ਸ਼ਹਿਰ ਬ੍ਰਿਸਬੇਨ ਵਿਖੇ ਆਯੋਜਿਤ 42ਵੀਂ ਵਿਸ਼ਵ ਬਾਡੀ ਬਿਲਡਿੰਗ ਚੈਂਪੀਅਨਸ਼ਿਪ ਵਿਚ ਮਿਡਲ ਵੇਟ ਦੇ ਵਰਗ 'ਚ ਭਾਰਤ ਲਈ ਚੈਂਪੀਅਨਸ਼ਿਪ ਜਿੱਤ ਕੇ ਵਿਸ਼ਵ ਪੱਧਰ ਦੇ ਚੋਟੀ ਦੇ ਬਾਡੀ ਬਿਲਡਰਾਂ ਵਿਚ ਆਪਣਾ ਨਾਂ ਸ਼ਾਮਲ ਕਰ ਲਿਆ। ਯਾਦ ਰਹੇ ਇਸ ਵਿਸ਼ਵ ਚੈਂਪੀਅਨਸ਼ਿਪ ਵਿਚ ਵਿਸ਼ਵ ਦੇ 136 ਬਾਡੀ ਬਿਲਡਰਾਂ ਨੇ ਭਾਗ ਲਿਆ। ਇਸ ਤੋਂ ਪਹਿਲਾਂ 1986 ਵਿਚ ਜਪਾਨ ਦੀ ਰਾਜਧਾਨੀ ਟੋਕੀਓ ਵਿਖੇ ਹੋਏ ਵਿਸ਼ਵ ਪੱਧਰ ਦੇ ਬਾਡੀ ਬਿਲਡਰ ਮੁਕਾਬਲਿਆਂ ਵਿਚ ਪ੍ਰੇਮ ਚੰਦ ਨੇ ਦੂਜਾ ਸਥਾਨ ਹਾਸਲ ਕੀਤਾ ਸੀ। 1981 ਤੋਂ 1983 ਤਕ ਲਗਾਤਾਰ ਪ੍ਰੇਮ ਚੰਦ ਬਾਡੀ-ਬਿਲਡਰ ਦਾ ਰਾਸ਼ਟਰੀ ਚੈਂਪੀਅਨ ਰਿਹਾ। 1983 ਤੋਂ 1986 ਤੱਕ ਲਗਾਤਾਰ ਏਸ਼ੀਆ ਦਾ ਸਰਵੋਤਮ ਬਾਡੀ ਬਿਲਡਰ ਹੋਣ ਦਾ ਮਾਣ ਹਾਸਲ ਕੀਤਾ ਇਸ ਤੋਂ ਇਲਾਵਾ 1984 ਅਤੇ 1985 ਵਿਚ ਵੀ ਵਿਸ਼ਵ ਪੱਧਰ ਦੇ ਮੁਕਾਬਲਿਆਂ ਵਿਚ ਇਹ ਆਪਣੀ ਵਧੀਆ ਖੇਡ ਦਾ ਪ੍ਰਦਰਸ਼ਨ ਕਰ ਕੇ ਖੂਬ ਨਾਮਣਾ ਖੱਟ ਚੁੱਕਾ ਹੈ। 1987-88 ਦੇ ਵਰ੍ਹੇ ਵਿਚ ਖਿਡਾਰੀਆਂ ਨੂੰ ਦਿੱਤੇ ਜਾਣ ਵਾਲੇ ਭਾਰਤ ਦੇ ਸਰਵੋਤਮ ਇਨਾਮ 'ਅਰਜਨਾ ਐਵਾਰਡ' ਨਾਲ ਪ੍ਰੇਮ ਚੰਦ ਸਨਮਾਨਤ ਕੀਤਾ ਗਿਆ।

ਗੁੰਦਵੇਂ, ਫੁਰਤੀਲੇ ਤੇ ਲਿਸ਼ਲਿਸ਼ ਕਰਦੇ ਸਰੀਰ ਵਾਲੇ ਇਸ ਉਘੇ ਬਾਡੀ ਬਿਲਡਰ ਦਾ ਜਨਮ ਗੁਰਦਾਸਪੁਰ ਜ਼ਿਲੇ ਦੇ ਪਿੰਡ ਬੱਬਰੀ ਨੰਗਲ ਵਿਖੇ ਹੋਇਆ। ਪ੍ਰੇਮ ਚੰਦ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਸ ਨੂੰ ਪਹਿਲਾਂ ਪਹਿਲਵਾਨੀ ਦਾ ਅਥਾਹ ਸ਼ੌਕ ਸੀ। ਪੰਜਾਬ ਪੁਲੀਸ ਵਿਚ ਪਹਿਲਵਾਨੀ ਵਿਚ ਵੀ ਆਪਣੇ ਖੂਬ ਜੌਹਰ ਦਿਖਾਏ। ਪਰ ਬਾਡੀ ਬਿਲਡਰ ਦਾ ਸ਼ੌਕ ਉਸ ਨੂੰ ਹੰਸ ਰਾਜ ਸਟੇਡੀਅਮ ਜਲੰਧਰ ਵਿਖੇ ਵੇਖੋ-ਵੇਖੀ ਜਾਗਿਆ। ਪੁਲੀਸ ਦੇ ਮਹਿਕਮੇ ਵਿਚ ਆਪਣੇ ਦਿਲ ਦੀ ਸੰਤੁਸ਼ਟੀ ਨਾ ਹੋਣ ਕਾਰਨ ਇਸ ਨੂੰ ਅਲਵਿਦਾ ਕਹਿ ਕੇ ਉਹ ਟਾਟਾ ਨਗਰ ਵਿਚ ਟਾਟਾ ਆਇਰਨ ਐਂਡ ਸਟੀਲ ਕੰਪਨੀ ਵਿਚ ਭਰਤੀ ਹੋ ਗਿਆ।

ਬਾਡੀ ਬਿਲਡਿੰਗ ਦਾ ਅਭਿਆਸ ਪ੍ਰੇਮ ਚੰਦ ਨੇ ਜਾਰੀ ਰੱਖਿਆ ਕਿਉਂਕਿ ਉਸ ਦੀ ਦਿਲੀ ਤਮੰਨਾ ਸੀ ਕਿ ਉਹ ਵਿਸ਼ਵ ਦਾ ਇਕ ਨੰਬਰ ਬਾਡੀ ਬਿਲਡਰ ਬਣ ਕੇ ਭਾਰਤ ਦਾ ਨਾਂ ਵਿਦੇਸ਼ਾਂ ਵਿਚ ਰੌਸ਼ਨ ਕਰ ਕੇ ਖੂਬ ਨਾਮਣਾ ਖੱਟਣਾ ਚਾਹੁੰਦਾ ਸੀ ਇਸ ਉਦੇਸ਼ ਦੀ ਪੂਰਤੀ ਲਈ ਉਸ ਨੇ ਹੋਰ ਵੀ ਸਖਤ ਮਿਹਨਤ ਜਾਰੀ ਰੱਖੀ ਪਰ ਇਸ ਦੀ ਸੁਚੱਜੀ ਲਗਨ ਤੇ ਮਿਹਨਤ ਨੇ ਜਲਦੀ ਹੀ ਅਜਿਹਾ ਰੰਗ ਵਿਖਾਇਆ ਕਿ ਵਿਸ਼ਵ ਦੇ ਇਕ ਨੰਬਰ ਦਾ ਬਾਡੀ-ਬਿਲਡਰ ਬਣਨ ਦਾ ਇਸ ਦਾ ਸੁਪਨਾ ਸਾਕਾਰ ਹੋਇਆ।

ਪ੍ਰੇਮ ਚੰਦ ਨੇ ਭਾਰਤ ਸਰਕਾਰ ਪ੍ਰਤੀ ਗਿਲੇ-ਸ਼ਿਕਵੇ ਪ੍ਰਗਟ ਕਰਦੇ ਹੋਏ ਆਸਟਰੇਲੀਆ ਵਿਖੇ ਮਿਸਟਰ ਵਰਡਲ ਚੈਂਪੀਅਨ ਦਾ ਖਿਤਾਬ ਹਾਸਲ ਕਰਕੇ ਭਾਰਤ ਆਉਣ 'ਤੇ ਦਿੱਲੀ ਵਿਖੇ ਇਕ ਪ੍ਰੈਸ ਕਾਨਫਰੰਸ ਵਿਖੇ ਕਿਹਾ ਕਿ ਭਾਰਤ ਸਰਕਾਰ ਏਸ਼ਿਆਈ ਖੇਡਾਂ ਦੇ ਵੱਖ ਵੱਖ ਮੁਕਾਬਲਿਆਂ ਵਿਚ ਸੋਨ ਤਮਗਾ ਜੇਤੂ ਨੂੰ ਇਕ ਲੱਖ ਰੁਪਏ, ਚਾਂਦੀ ਦੇ ਤਮਗਾ ਜੇਤੂ ਨੂੰ ਪੰਜਾਹ ਹਜ਼ਾਰ ਰੁਪਏ ਨਗਦ ਇਨਾਮ ਪ੍ਰਦਾਨ ਕਰਦੀ ਹੈ। ਪਰ ਬੜੇ ਦੁੱਖ ਦੀ ਗੱਲ ਹੈ ਕਿ ਬਾਡੀ ਬਿਲਡਰਾਂ ਨੂੰ ਦੂਜੀਆਂ ਖੇਡਾਂ ਦੇ ਜੇਤੂਆਂ ਵਾਂਗ ਇਨਾਮ ਅਤੇ ਹੋਰ ਸਹੂਲਤਾਂ ਨਹੀਂ ਦਿੱਤੀਆਂ ਜਾਂਦੀਆਂ। ਅੱਗੇ ਚਲ ਕੇ ਪ੍ਰੇਮ ਚੰਦ ਨੇ ਕਿਹਾ ਕਿ ਆਸਟਰੇਲੀਆ ਜਾਣ ਲਈ ਭਾਰਤ ਸਰਕਾਰ ਨੇ ਕੇਵਲ ਉਸ ਨੂੰ ਹਵਾਈ ਜਹਾਜ਼ ਦਾ ਟਿਕਟ ਲੈ ਕੇ ਦਿੱਤਾ ਜਦ ਕਿ ਹੋਰ ਕਿਸੇ ਪ੍ਰਕਾਰ ਦੀ ਵਿੱਤੀ ਸਹਾਇਤਾ ਦੇਣ ਤੋਂ ਸਾਫ ਇਨਕਾਰ ਕਰ ਦਿੱਤਾ। ਉਸ ਦਾ ਕਹਿਣਾ ਹੈ ਕਿ ਬਾਡੀ ਬਿਲਡਿੰਗ ਦੇ ਲਈ ਦੇਸ਼ ਵਿਚ ਨਾ ਤਾਂ ਕੋਈ ਕੋਚਿੰਗ ਸੈਂਟਰ ਹੈ ਅਤੇ ਨਾ ਹੀ ਖਿਡਾਰੀਆਂ ਨੂੰ ਖੁਰਾਕ ਲਈ ਕੋਈ ਆਰਥਿਕ ਸਹਾਇਤਾ ਮਿਲਦੀ ਹੈ। ਇਸੇ ਲਈ ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਬਾਡੀ ਬਿਲਡਰਾਂ ਨੂੰ ਹੋਰਾਂ ਖੇਡਾਂ ਦੇ ਖਿਡਾਰੀਆਂ ਵਾਂਗ ਲੋੜੀਂਦੀਆਂ ਖੇਡ ਸਹੂਲਤਾਂ ਪ੍ਰਦਾਨ ਕਰੇ ਤਾਂ ਜੋ ਉਹ ਵੀ ਇਸ ਖੇਡ ਵਿਚ ਭਾਰਤ ਦਾ ਨਾਂ ਵਿਦੇਸ਼ਾਂ ਵਿਚ ਵੱਧ ਤੋਂ ਵੱਧ ਰੌਸ਼ਨ ਕਰ ਸਕਣ।

ਅਸ਼ੋਕ ਭਾਰਤੀ

ਤੂੰ ਮੇਰੇ ਨਾਲ ਸੀ ਜਦ ਤਕ ਮੈਂ ਸੀ ਵਸਦੇ ਘਰਾਂ ਵਾਗੂੰ।
ਤਿਰੇ ਤੁਰ ਜਾਣ ਦੇ ਪਿੱਛੋਂ ਮੈਂ ਹੋਇਆਂ ਖੰਡਰਾਂ ਵਾਗੂੰ।

ਕਨੇਡਾ ਦਰਪਨ



'ਵੇਖ,ਉਹ ਬਰਨਾਲਾ ਜੁੱਤੀਆਂ ਸਾਫ ਕਰ ਰਿਹਾ ਹੈ। ਸ਼ੁਕਰ ਹੈ ਰੱਬ ਦਾ ਸਾਡੇ ਪਾਰਟੀ ਸੰਵਿਧਾਨ 'ਚ ਐਸੀ ਕੋਈ ਸਜ਼ਾ ਨਹੀਂ। ਗੱਲ ਤੇਰੇ-ਮੇਰੇ 'ਚ ਹੀ ਹੈ ਕਿ ਜਿਹੋ ਜਿਹੇ ਕੰਮ ਵੈਸੇ ਅਸੀਂ ਕਰਦੇ ਹਾਂ, ਜੇਕਰ ਪਾਰਟੀ ਇਹਨਾਂ ਲਈ ਕੋਈ ਸਜ਼ਾ ਨਿਰਧਾਰਤ ਕਰ ਦੇਵੇ ਤਾਂ ਸਾਡੇ ਚੋਂ ਬਹੁਤੇ ਤਾਂ ਫੁਲ ਟਾਈਮ ਇਹ ਸਜ਼ਾ ਹੀ ਭੁਗਤਦੇ ਰਹਿਣ...........'

ਕਹਾਣੀ ਪੰਜਾਬੋ

ਅਮਰ ਗਿਰੀ



ਪੰਜਾਬੋ ਮਰ ਚੁੱਕੀ ਹੈ। ਕਿਸੇ ਨੂੰ ਇਤਬਾਰ ਨਹੀਂ ਆਉਂਦਾ। ਉਸ ਦਾ ਪਾਲਿਆ ਕੁੱਤਾ ਨਾ ਖਾਂਦਾ ਹੈ, ਨਾ ਪੀਂਦਾ। ਕਿਸੇ ਨੂੰ ਉਸ ਦੀ ਸਾਰ ਨਹੀਂ। ਪੰਜਾਬੋ ਦੇ ਪੰਜੇ ਪੁੱਤ ਭਟਕ ਗਏ ਹਨ। ਸਭ ਨੂੰ ਪਤਾ ਹੈ। ਸਭ ਪੰਜਾਬੋ ਬਾਰੇ, ਕੁੱਤੇ ਬਾਰੇ ਤੇ ਪੁੱਤਾਂ ਬਾਰੇ ਜਾਣਦੇ ਹਨ। ਗੱਲ ਪੰਜਾਬੋ ਦੀ ਤੁਰੀ ਹੈ। ਪੰਜਾਬੋ ਦੀ ਗੱਲ ਉਸ ਦੇ ਪਤੀ ਭਰਤੇ ਤੋਂ ਬਿਨਾਂ ਅਧੂਰੀ ਹੈ। ਭਰਤੇ ਦੀ ਗੱਲ ਪੰਜਾਬੋ ਤੋਂ ਬਿਨਾਂ ਕਦੇ ਪੂਰੀ ਨਹੀਂ ਹੁੰਦੀ। ਪੰਜਾਬੋ ਤੇ ਭਰਤੇ ਬਿਨਾਂ ਪਿੰਡ ਦੀ ਗੱਲ ਅਧੂਰੀ ਰਹੇਗੀ। ਗੱਲ ਇਜ ਸ਼ੁਰੂ ਹੁੰਦੀ ਹੈ।

ਪੰਜਾਬੋ ਦੇ ਵਿਆਹ ਤੋਂ ਪਹਿਲਾਂ ਇਸ ਪਿੰਡ ਦਾ ਨਾਂ ਸਹਿਨਵਾਲ ਸੀ। ਪਿੰਡ ਦਾ ਨਾਂ ਸਹਿਨਵਾਲ ਕਿਵੇਂ ਪਿਆ, ਇਹ ਇਕ ਲੰਬੀ ਕਥਾ ਹੈ। ਮੋਟੇ ਤੌਰ 'ਤੇ ਇਹ ਸਭ ਨੂੰ ਪਤਾ ਹੈ ਕਿ ਇਸ ਪਿੰਡ ਦੇ ਲੋਕਾਂ ਦੇ ਡਰਾਕਲ ਹੋਣ ਕਰਕੇ ਨੇੜੇ ਤੇੜੇ ਦਾ ਹਰ ਪਿੰਡ ਸਹਿਨਵਾਲ ਦੇ ਵਾਸੀਆਂ ਨੂੰ ਕੁੱਟ ਤੇ ਲੁੱਟ ਜਾਂਦਾ। ਉਹ ਹਰ ਵਧੀਕੀ ਸਹਿਨ ਕਰ ਲੈਂਦੇ। ਇਥੋਂ ਤੱਕ ਕਿ ਕੋਈ ਗਵਾਂਢੀ ਜੇਕਰ ਉਨ੍ਹਾਂ ਦੀ ਬਹੂ ਬੇਟੀ ਦੀ ਇਜ਼ਤ ਵੀ ਲੁੱਟ ਜਾਂਦਾ ਤਾਂ ਵੀ ਉਹ ਸਹਿਨ ਕਰ ਲੈਂਦੇ। ਬਸ ਆਲੇ-ਦੁਆਲੇ ਦੇ ਪਿੰਡਾਂ ਵਿਚ ਇਸ ਪਿੰਡ ਦੀ ਇਹੀ ਪਛਾਣ ਸੀ।

ਇਸੇ ਪਿੰਡ ਦਾ ਜੰਮਪਲ ਭਰਤਾ ਸੀ, ਹੁਣ ਵੀ ਹੈ। ਭਰਤੇ ਦਾ ਪਿਓ ਕਮਲਾ ਸੀ ਤੇ ਕਹਿੰਦੇ ਨੇ ਦਾਦਾ ਵੀ। ਇਸੇ ਲਈ ਇਸ ਟੱਬਰ ਨੂੰ ਪਹਿਲਾਂ ਤੋਂ ਹੀ ਕਮਲਿਆਂ ਦਾ ਟੱਬਰ ਕਹਿਣ ਦੀ ਅੱਲ ਸੀ। ਭਰਤੇ ਹੁਰੀਂ ਤਿੰਨ ਭਰਾ ਸਨ। ਭਰਤਾ ਸਭ ਤੋਂ ਛੋਟਾ ਸੀ ਪਰ ਵਿਆਹ ਤਿੰਨਾਂ ਵਿਚੋਂ ਕਿਸੇ ਦਾ ਵੀ ਨਹੀਂ ਸੀ ਹੋਇਆ। ਸ਼ਾਇਦ ਕਮਲੇ ਹੋਣ ਕਾਰਨ। ਉਨ੍ਹਾਂ ਦੀ ਜੱਦੀ ਜ਼ਮੀਨ ਵੀ ਪਿੰਡ ਵਾਲਿਆਂ ਨੇ ਕਾਬੂ ਕਰ ਰੱਖੀ ਸੀ, ਸ਼ਾਇਦ ਉਨ੍ਹਾਂ ਦੇ ਕਮਲੇ ਹੋਣ ਕਾਰਨ। ਤਿੰਨੇ ਭਰਾ ਰੋਟੀ ਤੋਂ ਵੀ ਮੁਥਾਜ ਸਨ। ਪਿੰਡ ਵਾਸੀਆਂ ਦੀ ਮਨ ਮਿਹਰ 'ਤੇ ਹੀ ਦਿਨ ਕਟੀ ਕਰ ਰਹੇ ਸਨ। ਤੁਰੇ ਜਾਂਦਿਆਂ ਨੂੰ ਨਿਆਣੇ ਵੀ ਕਹਿ ਦਿੰਦੇ, "ਉਹ ਜਾਂਦੇ ਆ ਕਮਲੇ ਮੜ੍ਹੀਆਂ ਵੱਲ ਨੂੰ।"

ਭਰਤੇ ਦੇ ਵਿਆਹ ਦੀ ਗੱਲ ਪੰਜਾਬੋ ਨਾਲ ਪਤਾ ਨਹੀਂ ਕਿਵੇਂ ਸਿਰੇ ਚੜ੍ਹੀ। ਸ਼ਾਇਦ ਉਸ ਦੇ ਮਾਂ-ਪਿਓ ਦੀ ਗਰੀਬੀ ਕਰ ਕੇ ਜਾਂ ਹੋਰ ਕਿਸੇ ਕਾਰਨ ਕਰ ਕੇ। ਪੰਜਾਬੋ ਡੀਲ-ਡੌਲ ਤੇ ਦਿੱਖ-ਪੱਖ ਤੋਂ ਕਾਫੀ ਜੁੱਸੇ ਵਾਲੀ ਔਰਤ ਸੀ। ਜਦੋਂ ਦੋਵੇਂ ਭਰਾ ਪੰਜਾਬੋ ਨੂੰ ਭਰਤੇ ਨਾਲ ਵਿਆਹ ਕੇ ਲਿਆਏ, ਪਿੰਡ ਪਹੁੰਚਦਿਆਂ ਸ਼ਾਮ ਏ ਗਈ ਸੀ — ਤੇ ਪਹਿਲੀ ਰਾਤ ਹੀ ਸਾਰੇ ਪਿੰਡ ਨੂੰ ਪਤਾ ਲੱਗ ਗਿਆ ਸੀ ਕਿ ਕਮਲਿਆਂ ਵਿਚੋਂ ਕੋਈ ਕਮਲਾ ਜ਼ਰੂਰ ਵਿਆਹਿਆ ਗਿਆ ਹੈ, ਕਿਉਂ ਜੋ ਉਹ ਸਾਰੀ ਰਾਤ ਬਾਘੀਆਂ ਪਾ ਪਾ ਕੇ ਨੱਚਦੇ ਰਹੇ ਸਨ। ਭਰਤੇ ਹੁਰਾਂ ਲਈ ਉਹ ਰਾਤ ਸਭ ਤੋਂ ਛੋਟੀ ਰਾਤ ਸੀ ਪਰ ਪਿੰਡ ਵਾਸੀਆਂ ਲਈ ਸ਼ਾਇਦ ਉਹ ਰਾਤ ਸਭ ਤੋਂ ਵੱਡੀ ਸੀ ਦਿਨ ਚੜ੍ਹਦਿਆਂ ਹੀ ਪਿੰਡ ਦੀ ਹਰ ਬੁੱਢੀ, ਮੁਟਿਆਰ, ਨੂੰਹ, ਸੱਸ ਪੰਜਾਬੋ ਨੂੰ ਵੇਖਣ ਆਈ — ਸ਼ਰੀਕੇ ਦੀ ਮਾਨ-ਮਰਿਯਾਦਾ ਕਰ ਕੇ ਨਹੀਂ ਸਗੋਂ ਕਮਲਿਆਂ ਵਿਚ ਆਈ ਇਕ ਹੋਰ ਕਮਲੀ ਨੂੰ ਵੇਖਣ ਲਈ। ਪਿੰਡ ਦੇ ਜਵਾਨ, ਅਧਖੜ ਤੇ ਬੁੱਢੇ ਠੇਠਰ ਵੀ ਮਸ਼ਕਰੀ ਕਰਦੇ ਕਹਿੰਦੇ, "ਲੈ ਅੱਗੇ ਇਥੇ ਕੋਈ ਕਮਲਿਆਂ ਦਾ ਘਾਟਾ ਸੀ, ਜੋ ਇਕ ਹੋਰ ਕਮਲੀ ਆ ਮਿਲੀ।" ਵਿਚੋਂ ਹੀ ਕੋਈ ਟੋਕ ਕੇ ਤੋੜਾ ਤੋੜਦਾ, "ਚਲੋ ਚੰਗਾ ਹੋਇਆ ਕਮਲਿਆਂ ਦਾ ਵੰਸ਼ ਤਾਂ ਅੱਗੇ ਵਧੇਗਾ — ਨਹੀਂ ਤਾਂ ਇਨ੍ਹਾਂ ਤੋਂ ਬਾਅਦ ਪਿੰਡ ਹੀ ਸੁੰਨਾ ਹੋ ਜਾਣਾ ਸੀ।" ਕਿਸੇ ਕਿਸੇ ਲਈ ਭਰਤੇ ਦਾ ਵਿਆਹ ਆਪਣੇ ਆਪ ਨੂੰ ਹੌਂਸਲਾ ਤੇ ਤਸੱਲੀ ਦੇਣ ਦਾ ਸਾਧਨ ਵੀ ਸੀ — ਜਿਨ੍ਹਾਂ ਦਿਆਂ ਨੂੰ ਅਜੇ ਰਿਸ਼ਤੇ ਨਹੀਂ ਸਨ ਜੁੜੇ ਉਹ ਸੋਚਦੇ ਕਿ ਜਦੋਂ ਭਰਤੇ ਵਰਗੇ ਵਿਆਹੇ ਜਾ ਸਕਦੇ ਨੇ ਤਾਂ ਇਕ ਨਾ ਇਕ ਦਿਨ ਉਨ੍ਹਾਂ ਦੇ ਵੀ ਵਿਆਹੇ ਹੀ ਜਾਣਗੇ। ਭਰਤੇ ਦਾ ਵਿਆਹ ਕਈ ਦਿਨ ਪਿੰਡ ਵਾਲਿਆਂ ਲਈ ਚਰਚਾ ਦਾ ਵਿਸ਼ਾ ਬਣਿਆ ਰਿਹਾ।

ਤਿੰਨੇ ਭਰਾ ਘਰ ਬਾਹਰ ਦੇ ਕੰਮ ਵਿਚ ਦਿਲਚਸਪੀ ਲੈਣ ਲੱਗ ਪਏ ਸਨ। ਸਾਰਾ ਦਿਨ ਚਾਂਈਂ ਚਾਂਈਂ ਕੰਮ ਕਰਦੇ ਨਾ ਥੱਕਦੇ। ਪੰਜਾਬੋ ਵੀ ਬਾਹਰ ਅੰਦਰ ਆਉਣ ਜਾਣ ਲਗ ਪਈ ਸੀ। ਉਹ ਹੈਰਾਨ ਸੀ ਕਿ ਪਿੰਡ ਦੇ ਲੋਕ ਤਾਂ ਅਸਿੱਧੇ ਤੌਰ 'ਤੇ ਹੀ ਉਸ ਨੂੰ ਵੇਖ ਕੇ ਕੋਈ ਗੱਲ ਮਸ਼ਕਰੀ ਕਰਦੇ ਸਨ ਪ੍ਰੂਤੂ ਬੱਚੇ "ਕਮਲੀ ਓਏ, ਕਮਲੀ ਓਏ" ਕਹਿ ਕੇ ਪਿੱਛੇ ਲਗ ਜਾਂਦੇ ਹਨ। ਪੰਜਾਬੋ ਨੂੰ ਗੁੱਸਾ ਵੀ ਆਉਂਦਾ ਤੇ ਵੱਡੇ ਸੂਰਬੀਰਾਂ ਤੇ ਉਨ੍ਹਾਂ ਦੀ ਔਲਾਦ 'ਤੇ ਹਾਸਾ ਵੀ। ਇਕ ਦਿਨ ਆਮ ਵਾਂਗ ਲਾਗਲੇ ਪਿੰਡ ਦੇ ਤਿੰਨ-ਚਾਰ ਗੱਭਰੂ ਬ੍ਰਾਹਮਣਾਂ ਦੀ ਪਾਸ਼ੋ ਨੂੰ ਚੁੱਕਣ ਆ ਗਏ। ਸਾਰਾ ਪਿੰਡ ਡਰ ਕੇ ਘਰੋ ਘਰੀ ਵੜ ਗਿਆ। ਬ੍ਰਾਹਮਣਾਂ ਦਾ ਘਰ ਪੰਜਾਬੋ ਦੇ ਗੁਆਂਢ ਵਿਚ ਹੀ ਸੀ। ਜਦੋਂ ਭਰਤੇ ਨੇ ਪੰਜਾਬੋ ਨੂੰ ਅੰਦਰ ਵੜ ਕੇ ਕੁੰਡੀ ਲਾਉਣ ਲਈ ਕਿਹਾ ਤਾਂ ਉਹ ਸ਼ੀਂਹਣੀ ਵਾਂਗ ਗਰਜ ਕੇ ਨਿਕਲੀ ਤੇ ਕੰਧ ਟੱਪ ਕੇ ਬ੍ਰਾਹਮਣਾਂ ਦੇ ਵਿਹੜੇ ਵਿਚ ਕੁੱਦ ਪਈ। ਟੁੱਟੇ ਮੰਜੇ ਦੀ ਬਾਹੀ ਕੱਢ ਕੇ ਉਹਨੇ ਗੱਭਰੂਆਂ ਨੂੰ ਵੰਗਾਰਿਆ ਤੇ ਉਨ੍ਹਾਂ 'ਤੇ ਵਰ੍ਹ ਪਈ। ਪਲਕ ਝਮਕੇ ਵਿਚ ਹੀ ਉਹਨੇ ਉਨ੍ਹਾਂ ਨੂੰ ਕੁੱਟ ਕੇ ਭਜਾ ਦਿੱਤਾ। ਇਸ ਪਿੱਛੋਂ ਕਈ ਦਿਨ ਪੰਜਾਬੋ ਦੀ ਗੱਲ ਸੱਥ ਵਿਚ ਤੁਰਦੀ ਰਹੀ, "ਲਓ ਬਈ, ਕਮਲੀ ਨੇ ਤਾਂ ਕਮਾਲ ਈ ਕਰ ਤੀ" ਕੋਈ ਕਹਿੰਦਾ, "ਚੜ੍ਹ ਗਿਆ ਹੋਣਾ ਕਮਲ ਸਿਰ ਨੂੰ।" ਪਿੰਡ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੋਇਆ ਸੀ ਕਿ ਕੋਈ ਬਾਹਰਲਾ ਖਾਲੀ ਮੂੰਹ ਦੀ ਖਾ ਕੇ ਮੁੜਿਆ ਹੋਵੇ। ਆਪਣੀ ਧਾਕ ਨੂੰ ਬਰਕਰਾਰ ਰੱਖਣ ਲਈ ਨੇੜੇ ਤੇੜੇ ਦੇ ਪਿੰਡਾਂ ਨੇ ਬਹੁਤ ਵਾਰ ਸਹਿਨਵਾਲ 'ਤੇ ਕੀਤੇ ਪਰ ਪੰਜਾਬੋ ਨੇ ਹਰ ਵਾਰ ਸਾਰਿਆਂ ਦੇ ਨੱਕ ਮੋੜ ਕੇ ਰੱਖ ਦਿੱਤੇ। ਪਿੰਡ ਵਿਚ ਤਾਂ ਪੈਣਾ ਹੀ ਸੀ ਸਗੋਂ ਨੇੜੇ ਆਂਢ-ਗੁਆਂਢ ਦੇ ਪਿੰਡਾਂ ਵਿਚ ਵੀ ਪੰਜਾਬੋ ਦਾ ਦਬ ਦਬਾ ਪੈ ਗਿਆ ਸੀ। ਤੇ ਹੁਣ ਲੋਕਾਂ ਨੇ ਸਹਿਨ੍ਵਾਲ ਪਿੰਡ ਦਾ ਨਾਂ ਬਦਲ ਕੇ ਸੀਂਹਣੀਵਾਲ ਰੱਖ ਦਿੱਤਾ ਸੀ।

ਜਿਸ ਦਿਨ ਪੰਜਾਬੋ ਨੇ ਪਹਿਲਾ ਪੁੱਤ ਜੰਮਿਆ, ਉਸ ਦਿਨ ਪਿੰਡ ਦਾ ਨਜ਼ਾਰਾ ਵੇਖਣਾ ਹੀ ਬਣਦਾ ਸੀ, "ਲੋਕੀਂ ਦੇਣ ਵਧਾਈਆਂ, ਪੰਜਾਬੋ ਨੇ ਪੁੱਤ ਜੰਮਿਆ" ਦੀਆਂ ਆਵਾਜ਼ਾਂ ਨੇ ਉਨ੍ਹਾਂ ਦੇ ਕੰਨ ਵੀ ਖੋਲ੍ਹ ਦਿੱਤੇ ਸਨ ਜਿਨ੍ਹਾਂ ਨੇ ਭਰਤੇ ਹੋਰਾਂ ਦੀ ਜ਼ਮੀਨ ਦੱਬੀ ਹੋਈ ਸੀ ਤੇ ਉਹ ਵੀ ਵਧਾਈਆਂ ਵਿਚ ਸ਼ਾਮਲ ਹੋ ਕੇ ਜ਼ਮੀਨ ਭਰਤੇ ਹੁਰਾਂ ਨੂੰ ਸੰਭਾਲ ਗਏ ਸਨ। ਭਰਤੇ ਦੇ ਦੋਵੇਂ ਭਰਾਵਾਂ ਲਈ ਪੰਜਾਬੋ ਧੀ ਸਮਾਨ ਸੀ ਤੇ ਉਹ ਹੱਡ ਭੰਨਵੀਂ ਮਿਹਨਤ ਕਰਦੇ। ਚੰਗੇ ਖਾਂਦੇ ਪੀਂਦੇ ਹੋ ਗਏ ਸਨ।

ਉਨ੍ਹਾਂ ਨੂੰ ਖਾਂਦਿਆਂ ਪੀਂਦਿਆਂ ਨੂੰ ਵੇਖ ਕੇ ਜੇਕਰ ਕਦੇ ਕੋਈ ਆਦਤ ਮੁਤਾਬਿਕ ਕਹਿ ਵੀ ਦਿੰਦਾ, "ਲੈ ਬਈ ਕਮਲੀ ਨੇ ਤਾਂ ਕਮਲੇ ਵੀ ਸਿਆਣੇ ਬਣਾ ਤੇ, ਸਾਲਿਆਂ ਨੂੰ ਹੱਥ ਧੋਣ ਦਾ ਚੱਜ ਨਹੀਂ ਸੀ, ਹੁਣ ਸੰਵਰ ਸੰਵਰ ਕੇ ਨਿਕਲਦੇ ਨੇ ਤਾਂ ਇਹ ਸੁਣ ਕੇ ਵਿਚੋਂ ਹੀ ਕੋਈ ਕਹਿ ਦਿੰਦਾ, "ਖਬਰਦਾਰ ਜੇ ਉਹਨੂੰ ਕਮਲੀ ਕਿਹਾ, ਕੰਜਰੋ ਤੁਸੀਂ ਜਿਉਂਦੇ ਮਰਿਆਂ ਬਰੋਬਰ ਸੀ, ਨਾ ਤੁਹਾਡੀ ਭੈਣ ਦੀ ਇੱਜ਼ਤ ਸੀ, ਨਾ ਬਹੂ ਬੇਟੀ ਦੀ। ਲੱਖ ਨਾਅਨਤ ਹੈ ਤੁਹਾਨੂੰ।" ਇਹ ਸੁਣ ਕੇ ਸਭ ਚੁੱਪ ਕਰ ਜਾਂਦੇ ਤੇ ਬੀਤੇ ਦਿਨਾਂ ਵਿਚੋਂ ਆਪਣਾ ਆਪ ਸ਼ਰਮਿੰਦਗੀ ਭਰਿਆ ਵੇਖਦੇ।

ਪਿੰਡ ਦੀ ਸ਼ਾਨ ਬਣਾਉਣ ਲਈ ਪੰਜਾਬੋ ਨੇ ਇਕ ਨਵਾਂ ਹੀ ਤਰੀਕਾ ਲੱਭਿਆ ਸੀ ਜਿਸ 'ਤੇ ਪਿੰਡ ਵਾਲੇ ਵੀ ਹੈਰਾਨ ਸਨ ਤੇ ਆਂਢ ਗੁਆਂਢ ਵੀ। ਪਿੰਡ ਵਿਚ ਜਦੋਂ ਵੀ ਕੋਈ ਬਰਾਤ ਆਉਂਦੀ ਤਾਂ ਪੰਜਾਬੋ ਜਾ ਬਰਾਤ ਨੂੰ ਲਲਕਾਰਦੀ — ਹੈ ਕੋਈ ਗੱਭਰੂ ਸਾਰੀ ਬਰਾਤ ਵਿਚ ਜੋ ਪੰਜਾਬੋ ਨਾਲ ਕੁਸ਼ਤੀ ਕਰੇ। ਜੇਕਰ ਬਰਾਤੀਆਂ ਵਿਚੋਂ ਕੋਈ ਪੰਜਾਬੋ ਨੂੰ ਚਿੱਤ ਕਰ ਗਿਆ ਤਾਂ ਮੂੰਹ ਮੰਗਿਆ ਦਾਜ ਦਵਾਂਗੇ। ਜੇਕਰ ਪੰਜਾਬੋ ਚਿੱਤ ਨਾ ਹੋਈ ਤਾਂ ਬਰਾਤ ਨੂੰ ਖਾਲੀ ਮੋੜ ਦਿਆਂਗੇ ਤੇ ਜੇਕਰ ਸਾਰੀ ਬਰਾਤ ਵਿਚੋਂ ਕੋਈ ਕੁਸ਼ਤੀ ਕਰਨ ਲਈ ਹੀ ਤਿਆਰ ਨਹੀਂ ਤਾਂ ਕੁੜੀ ਬਿਨਾਂ ਦਾਜ ਤੋਂ ਲਿਜਾਣੀ ਹੋਵੇਗੀ। ਸੀਂਹਣੀ ਅੱਗੇ ਕਿਹੜਾ ਖਲੋਵੇ — ਕੌਣ ਇਕ ਔਰਤ ਤੋਂ ਬੇਇਜ਼ਤ ਹੋਵੇ। ਬਰਾਤੀਆਂ ਵਿਚੋਂ ਕੋਈ ਵੀ ਅਖਾੜੇ ਵਿਚ ਨਾ ਨਿੱਤਰਦਾ ਤੇ ਕੁੜੀ ਬਿਨਾਂ ਦਾਜ ਤੋਂ ਲਿਜਾਣੀ ਪੈਂਦੀ। ਕੋਈ ਚੂੰ ਤਕ ਨਾ ਕਰਦਾ। ਇਹੀ ਗੱਲ ਉਹ ਮੁੰਡੇ ਦੇ ਵਿਆਹ ਵੇਲੇ ਕਰਦੀ ਜਦੋਂ ਪਿੰਡ ਤੋਂ ਕੋਈ ਬਰਾਤ ਬਾਹਰਲੇ ਪਿੰਡ ਜਾਣੀ ਹੁੰਦੀ ਤਾਂ ਉਹ ਕਹਿ ਦਿੰਦੀ ਮੁੰਡੇ ਦੇ ਭਰਾਵਾਂ, ਪਿਓ ਤੇ ਮਾਮਿਆਂ ਤੋਂ ਬਿਨਾਂ ਜਿਹੜਾ ਵੀ ਪਿੰਡ ਦਾ ਬੰਦਾ ਪੰਜਾਬੋ ਨੂੰ ਗੁੱਟ ਫੜਾ ਕੇ ਛੁਡਵਾ ਲਵੇਗਾ ਉਹ ਹੀ ਬਰਾਤ ਵਿਚ ਜਾਵੇਗਾ, ਹੋਰ ਕੋਈ ਨਹੀਂ। ਇਸ ਤਰ੍ਹਾਂ ਉਸ ਪਿੰਡ ਵਿਚੋਂ ਪੰਜ ਸੱਤ ਬੰਦੇ ਹੀ ਬਰਾਤ ਵਿਚ ਜਾਂਦੇ। ਪੰਜਾਬੋ ਦੇ ਇਸ ਕਰਤੱਵ ਨੇ ਆਂਢ-ਗੁਆਂਢ ਦੇ ਪਿੰਡਾਂ ਨੂੰ ਸੀਂਹਣੀਵਾਲ ਪਿੰਡ ਵਿਚ ਰਿਸ਼ਤੇਦਾਰੀ ਬਣਾਉਣ ਤੋਂ ਪਹਿਲਾਂ ਲੱਖ ਵਾਰ ਸੋਚਣ ਲਾ ਦਿੱਤਾ ਸੀ ਪਰ ਅੰਦਰੋ ਅੰਦਰੀ ਸਾਰਿਆਂ ਨੂੰ ਫਖਰ ਵੀ ਹੁੰਦਾ। ਸੀਂਹਣੀਵਾਲ ਦੇ ਬੱਚੇ ਬੱਚੇ ਅੰਦਰ ਪੰਜਾਬੋ ਨੇ ਇਕ ਨਵੀਂ ਰੂਹ ਫੂਕ ਦਿੱਤੀ ਸੀ। ਸੀਂਹਣੀਵਾਲ ਦਾ ਵਾਸੀ ਇੱਜ਼ਤ ਮਾਣ ਨਾਲ ਕਿਧਰੇ ਵੀ ਘੁੰਮ ਫਿਰ ਸਕਦਾ ਸੀ, ਜਦੋਂ ਕਿਸੇ ਨੂੰ ਪਤਾ ਲਗ ਜਾਂਦਾ ਕਿ ਉਹ ਪੰਜਾਬੋ ਵਾਲੇ ਸੀਂਹਣੀਵਾਲ ਤੋਂ ਹੈ ਤਾਂ ਹਰ ਕੋਈ ਉਸ ਨੂੰ ਹੱਥਾਂ 'ਤੇ ਚੁੱਕ ਲੈਂਦਾ। ਕਿਸੇ ਵੀ ਡਰ ਵਾਲੀ ਥਾਂ ਤੋਂ ਗੁਜ਼ਰਦਿਆਂ ਹਰ ਕੋਈ ਪੰਜਾਬੋ ਦੇ ਪਿੰਡੋਂ ਉਨ੍ਹਾਂ ਨਾਲ ਹੋਣ ਕਰ ਕੇ ਸੌਖਾ ਸੌਖਾ ਮਹਿਸੂਸ ਕਰਦਾ ਤੇ ਬੇਡਰ ਵੀ।

ਹਰ ਕੋਈ ਸੀਂਹਣੀਵਾਲ ਪਿੰਡ ਜਾ ਕੇ ਵੱਸਣਾ ਆਪਣੇ ਲਈ ਫਖਰ ਦੀ ਗੱਲ ਸਮਝਦਾ। ਇਸੇ ਲਈ ਕੁਝ ਸਾਲਾਂ ਵਿਚ ਹੀ ਸੀਂਹਣੀਵਾਲ ਦੀ ਆਬਾਦੀ ਹੱਦਾਂ ਬੰਨੇ ਟੱਪ ਗਈ। ਹਾਂ ਸੱਚ! ਸੀਂਹਣੀਵਾਲ ਦੀ ਵਧਦੀ ਆਬਾਦੀ ਦੇ ਇਨ੍ਹਾਂ ਸਾਲਾਂ ਵਿਚ ਪੰਜਾਬੋ ਨੇ ਉਪਰੋ-ਥਲੀ ਪੰਜ ਪੁੱਤ ਜੰਮੇ-ਪਾਲੇ ਪੋਸੇ-ਤੋੜ ਚੜ੍ਹਾਏ — ਇਕ ਦੂਜੇ ਤੋਂ ਵੱਧ ਬਾਂਕੇ ਛੈਲ। ਪਰ ਪਿੰਡ ਦੀ ਜ਼ਮੀਨ ਉਨੀ ਹੀ ਰਹੀ ਜਿੰਨੀ ਪਹਿਲਾਂ ਸੀ। ਆਬਾਦੀ ਵਧਦੀ ਗਈ — ਜ਼ਮੀਨ ਘਟਦੀ ਗਈ — ਖਰਚੇ ਬਣਦੇ ਗਏ — ਆਮਦਨ ਘਟਦੀ ਗਈ — ਲੋਕੀਂ ਆਰਥਿਕ ਮੰਦਹਾਲੀ ਦਾ ਸ਼ਿਕਾਰ ਹੁੰਦੇ ਗਏ। ਪੰਜਾਬੋ ਦੇ ਡਰ ਕਾਰਨ ਅੰਦਰਲਾ ਜ਼ਹਿਰ ਅੰਦਰ ਹੀ ਰਿਹਾ — ਅੰਦਰ ਖਾਤੇ ਹੋਰ ਵਧਦਾ ਤੇ ਗੂੜ੍ਹਾ ਹੁੰਦਾ ਗਿਆ। ਭਰਤੇ ਨੂੰ ਆਪਣਾ ਅਤੇ ਆਪਣੇ ਪੁੱਤਰਾਂ ਦਾ ਭਵਿੱਖ ਹਨੇਰਾ ਜਾਪਣ ਲੱਗਾ। ਭਰਤੇ ਨੂੰ ਆਪਣੇ ਸੋਨੇ ਵਰਗੇ ਭਰਾਵਾਂ 'ਤੇ ਸ਼ੱਕ ਹੋਣ ਲੱਗਾ ਕਿ ਹੁਣ ਉਹ ਆਪਣਾ ਹੱਕ ਮੰਗਣਗੇ ਤੇ ਉਹਨੇ ਲੋਭ ਵਸ ਪੈ ਕੇ ਆਪਣੇ ਹੀ ਮਾਂ ਜਾਏ ਦੋਵੇਂ ਵੱਡੇ ਭਰਾਵਾਂ ਦਾ ਇਕ ਰਾਤ ਕਤਲ ਕਰ ਦਿੱਤਾ। ਭਰਾਵਾਂ ਦਾ ਆਪਸ ਵਿਚ ਪਿਆਰ ਹੀ ਏਨਾ ਸੀ ਕਿ ਕਿਸੇ ਨੂੰ ਵੀ ਭਰਤੇ 'ਤੇ ਕੋਈ ਸ਼ੱਕ ਨਾ ਹੋਇਆ। ਪਿੰਡ ਵਿਚ ਇਹ ਪਹਿਲੀ ਮੌਤ ਸੀ। ਇਹ ਵੀ ਭਰਤੇ ਦੀ ਹੀ ਚਲਾਕੀ ਸੀ ਕਿ ਉਸ ਨੇ ਆਪਣੇ ਭਰਾਵਾਂ ਦੀ ਮੌਤ ਨੂੰ ਮਜ਼੍ਹਬੀ ਰੰਗਤ ਦੇ ਦਿੱਤੀ। ਭਰਤੇ 'ਤੇ ਵਿਸ਼ਵਾਸ ਕਰਕੇ ਸਾਰੇ ਪਿੰਡ ਵਾਸੀਆਂ ਦੇ ਮਨਾਂ ਵਿਚ ਫਿਰਕਾਪ੍ਰਸਤੀ ਦਾ ਬੀਜ ਬੀਜਿਆ ਗਿਆ ਤੇ ਪਿੰਡ ਵਿਚ ਮਜ਼ਹਬੀ ਲੜਾਈ ਸ਼ੁਰੂ ਹੋ ਗਈ। ਹਰ ਰੋਜ਼ ਪੰਜ ਸੱਤ ਪ੍ਰਾਣੀ ਲਾਸ਼ਾਂ ਵਿਚ ਤਬਦੀਲ ਹੋਣ ਲੱਗੇ। ਵਸਦੇ, ਰਸਦੇ, ਹਸਦੇ, ਖੇਡਦੇ ਪਿੰਡ ਉਪਰ ਇੱਲਾਂ ਮੰਡਰਾਉਣ ਲੱਗੀਆਂ। ਵਧਦੀ ਲੜਾਈ ਵੇਖ ਕੇ ਕੁਝ ਲੋਕ ਡਰ ਦੇ ਮਾਰੇ ਪਿੰਡ ਛੱਡ ਕੇ ਜਾਣ ਲੱਗੇ। ਇਹ ਸਭ ਵੇਖ ਕੇ ਭਰਤਾ ਆਪਣੀ ਚਲਾਕੀ 'ਤੇ ਵਿਚੇ ਵਿਚ ਤਸੱਲੀ ਮਹਿਸੂਸ ਕਰਦਾ ਰਿਹਾ। ਪਰ ਪੰਜਾਬੋ ਇਹ ਵੇਖ ਕੇ ਸਿਰ ਤੋਂ ਪੈਰਾਂ ਤੱਕ ਕੰਬ ਗਈ। ਉਹ ਜਾਣਦੀ ਸੀ ਕਿ ਇਹ ਸਾਰੀ ਸ਼ਰਾਰਤ ਭਰਤੇ ਦੀ ਹੈ। ਉਸ ਨੇ ਹੀ ਲੋਕਾਂ ਵਿਚ ਨਫਰਤ ਫੈਲਾਈ ਹੈ, ਉਸ ਨੇ ਇਸ ਦਾ ਬਦਲਾ ਲੈਣ ਦੀ ਸੋਚ ਲਈ। ਉਸ ਘਟਨਾ ਤੋਂ ਬਾਅਦ ਪੰਜਾਬੋ ਬਿਲਕੁਲ ਖਾਮੋਸ਼ ਹੋ ਗਈ ਜਿਵੇਂ ਉਸ ਦੀ ਜ਼ਬਾਨ ਨੂੰ ਤੰਦੂਆ ਲੱਗ ਗਿਆ ਹੋਵੇ। ਇਸੇ ਦੌਰਾਨ ਪੰਜਾਬੋ ਨੇ ਇਕ ਕੁੱਤਾ ਵੀ ਪਾਲ ਲਿਆ ਸੀ। ਆਪਣੀ ਮਾਂ ਦਾ ਇਸ ਤਰ੍ਹਾਂ ਦਾ ਵਤੀਰਾ ਵੇਖ ਕੇ ਉਸ ਦੇ ਪੰਜੇ ਪੁੱਤਾਂ ਨੂੰ ਮਾਂ 'ਤੇ ਸ਼ੱਕ ਹੋ ਗਿਆ। ਇਸ ਸ਼ੱਕ ਨੂੰ ਪੱਕਿਆਂ ਕਰਨ ਲਈ ਉਹ ਪੰਜਾਬੋ ਵੱਲ ਸ਼ੱਕ ਦੀਆਂ ਨਿਗਾਹਾਂ ਨਾਲ ਵੇਖਣ ਲੱਗੇ

ਭਰਤੇ ਸਮੇਤ ਪੁੱਤਰਾਂ ਦੀ ਬੇਰੁਖੀ ਕਾਰਨ ਪਹਿਲਾਂ ਉਹ ਕੁੱਤੇ ਨੂੰ ਰੱਜ ਕੇ ਦੁੱਧ ਪਿਆਉਂਦੀ ਤੇ ਫਿਰ ਉਸ ਨੂੰ ਬੰਨ੍ਹ ਕੇ ਏਨਾ ਮਾਰਦੀ ਕਿ ਕੁੱਤੇ ਦੀਆਂ ਚੰਘਿਆੜਾਂ ਸੁਣਦਾ ਸਾਰਾ ਪਿੰਡ ਕੰਨਾਂ ਵਿਚ ਉਂਗਲਾਂ ਦੇ ਲੈਂਦਾ। ਭਰਤੇ ਅਤੇ ਪੁੱਤਾਂ ਵੱਲ ਵੇਖ ਕੇ ਜਦੋਂ ਵੀ ਪੰਜਾਬੋ ਦਾ ਗੁੱਸਾ ਵੱਸ ਤੋਂ ਬਾਹਰ ਹੋ ਜਾਂਦਾ ਤਾਂ ਉਹ ਕੁੱਤੇ ਨੂੰ ਰੱਜ ਕੇ ਦੁੱਧ ਪਿਆਉਂਦੀ ਤੇ ਫਿਰ ਉਸ 'ਤੇ ਵਰ੍ਹ ਪੈਂਦੀ। ਇਹ ਸਿਲਸਿਲਾ ਕਿੰਨੀ ਦੇਰ ਚਲਦਾ ਰਿਹਾ। ਪੰਜਾਬੋ ਦੇ ਪੰਜੇ ਪੁੱਤ ਆਪਣੀਆਂ ਸ਼ਕਲਾਂ ਮੋਇਆਂ ਨਾਲ ਮਿਲਾ ਮਿਲਾ ਕੇ ਵੇਖਦੇ ਰਹਿੰਦੇ। ਫਿਰ ਸੋਚਦੇ ਕਿ ਮੋਏ ਤਾਏ ਦੇ ਹਿੱਸੇ ਦੀ ਜ਼ਮੀਨ ਤਾਂ ਉਸ ਨੂੰ ਹੀ ਮਿਲਣੀ ਸੀ, ਇਕ ਕਹਿੰਦਾ ਦੂਜੇ ਦੀ ਮੈਨੂੰ ਮਿਲਣੀ ਸੀ — ਹਰ ਇਕ ਨੂੰ ਲਗਦਾ ਕਿ ਉਸ ਦਾ ਮੁਹਾਂਦਰਾ ਉਸਦੇ ਤਾਏ ਨਾਲ ਮਿਲਦਾ ਹੈ। ਪੰਜਾਬੋ ਦੇ ਪੰਜੇ ਪੁੱਤ ਭਟਕ ਗਏ। ਇਹ ਵੇਖ ਕੇ ਪੰਜਾਬੋ ਦੇ ਕਾਲਜੇ ਦਾ ਰੁੱਗ ਭਰਿਆ ਜਾਂਦਾ — ਜ਼ਖਮ ਹੋਰ ਗਹਿਰੇ ਹੋ ਜਾਂਦੇ ਤੇ ਕੁੱਤੇ ਨੂੰ ਬੰਨ੍ਹ ਕੇ ਮਾਰਨ ਦਾ ਸਿਲਸਿਲਾ ਹੋਰ ਵੀ ਦਿਲ ਕੰਬਾਊ ਹੋ ਜਾਂਦਾ।

ਲੋਕਾਂ ਵਿਚ ਇਹ ਆਮ ਚਰਚਾ ਸੀ ਕਿ ਇਸ ਤੋਂ ਬਾਅਦ ਪੰਜਾਬੋ ਜਾਂ ਪਾਗਲ ਹੋ ਜਾਵੇਗੀ ਜਾਂ ਫਿਰ ਬਾਗੀ। ਪਾਗਲ ਸ਼ਬਦ ਸੁਣ ਕੇ ਭਰਤੇ ਦਾ ਕਾਲਜਾ ਠੰਢਾ ਹੋ ਜਾਂਦਾ ਤੇ ਚਿਹਰੇ 'ਤੇ ਰੌਣਕ ਆ ਜਾਂਦੀ ਪਰ ਬਾਗੀ ਸ਼ਬਦ ਸੁਣ ਕੇ ਉਹ ਧੁਰ ਅੰਦਰ ਤਕ ਕੰਬ ਜਾਂਦਾ। ਉਸ ਨੂੰ ਪਤਾ ਸੀ ਕਿ ਪੰਜਾਬੋ ਦੇ ਸੁਭਾਅ ਵਿਚ ਹੀ ਬਾਗੀਪਣ ਸ਼ਾਮਲ ਹੈ ਤੇ ਜੇਕਰ ਲੋਕਾਂ ਦਾ ਕਿਹਾ ਸੱਚ ਹੋ ਗਿਆ ਤਾਂ ਇਸ ਦਾ ਮਤਲਬ ਸਿੱਧੀ ਭਰਤੇ ਦੀ ਮੌਤ ਹੈ। ਤੇ ਉਸ ਨੇ ਇਕ ਹੋਰ ਪੱਤਾ ਸੁੱਟਿਆ ਤੇ ਪੁੱਤਰਾਂ ਨੂੰ ਪੰਜਾਬੋ ਦੇ ਵਿਰੁੱਧ ਕਰ ਦਿੱਤਾ। ਉਹ ਤਾਂ ਪਹਿਲਾਂ ਹੀ ਚੁੰਘੇ ਦੁੱਧ ਦੀ ਆਣ ਤਿਆਗ ਚੁਕੇ ਸਨ। ਇਸ ਦਾ ਨਤੀਜਾ ਕਿਸ ਰੂਪ ਵਿਚ ਸਾਹਮਣੇ ਆਇਆ, ਉਹ ਪੰਜਾਬੋ ਦੀ ਮੌਤ ਸੀ ਤੇ ਭਰਤੇ ਦੀ ਚਲਾਕੀ। ਭਰਤੇ ਦੀ ਸਿਆਸਤ ਦਾ ਸ਼ਿਕਾਰ ਹੋਈ ਪੰਜਾਬੋ ਆਪਣੇ ਹੀ ਦੁੱਧ ਨੇ ਜਾਂ ਲਹੂ ਨੇ ਮਿੱਟੀ ਕਰ ਦਿੱਤੀ। ਪੰਜਾਬੋ ਮਰ ਚੁਕੀ ਸੀ ਪਰ ਕਿਸੇ ਨੂੰ ਯਕੀਨ ਨਹੀਂ ਸੀ ਆਉਂਦਾ। ਹਰ ਕਿਸੇ ਨੂੰ ਲਗਦਾ ਜਿਵੇਂ ਹੁਣੇ ਹੀ ਉਹ ਸੀਂਹਣੀ ਵਾਂਗ ਦਹਾੜਦੀ ਹੋਈ ਆਵੇਗੀ। ਪਰ ਸਭ ਜਾਣਦੇ ਸਨ ਕਿ ਪੰਜਾਬੋ ਦੀ ਮੌਤ ਦਾ ਕਾਰਨ ਭਰਤਾ ਹੈ। ਭਰਤੇ ਨੂੰ ਪਤੈ ਕਿ ਪੰਜਾਬੋ ਦੀ ਮੌਤ ਦਾ ਕਾਰਨ ਉਸ ਦੇ ਪੁੱਤ ਹਨ। ਪੁੱਤਾਂ ਨੂੰ ਖਬਰ ਹੈ ਕਿ ਪੰਜਾਬੋ ਦੀ ਮੌਤ ਦੀ ਜ਼ਿੰਮੇਵਾਰ ਭਰਤੇ ਦੀ ਸਿਆਸਤ ਹੈ ਤੇ ਇਸ ਸਿਆਸਤ ਦੀ ਬਲੀ ਚੜ੍ਹੀ ਉਨ੍ਹਾਂ ਹੱਥੋਂ ਉਨ੍ਹਾਂ ਦੀ ਮਾਂ। ਪੰਜਾਬੋ ਦਾ ਕੁੱਤਾ ਵੀ ਉਸ ਦਿਨ ਤੋਂ ਨਾ ਕੁਝ ਖਾਂਦਾ ਤੇ ਨਾ ਹੀ ਪੀਂਦਾ। ਉਹ ਦੁੱਧ ਨੂੰ ਵੀ ਤਰਸਦਾ, ਮਾਰ ਨੂੰ ਵੀ ਤੇ ਪਿਆਰ ਨੂੰ ਵੀ। ਉਹ ਨਾ ਹਿਲਦਾ, ਨਾ ਜੁਲਦਾ ਬਸ ਬੈਠਾ ਇਕ ਟੱਕ ਪੰਜਾਬੋ ਦੇ ਵਿਹੜੇ ਵੱਲ ਤੱਕਦਾ ਹੀ ਰਹਿੰਦਾ। ਪਿੰਡ ਵਿਚਲਾ ਸੋਗ ਹੋਰ ਵੀ ਗੂੜ੍ਹਾ ਤੇ ਗਹਿਰਾ ਹੋ ਗਿਆ। ਪਿੰਡ ਦੇ ਸਾਰੇ ਲੋਕ ਸਹਿਮੇ ਹੋਏ ਨਜ਼ਰ ਆਉਂਦੇ। ਜਦੋਂ ਆਂਢ-ਗੁਆਂਢ ਦੇ ਪਿੰਡਾਂ ਨੂੰ ਪੰਜਾਬੋ ਦੀ ਮੌਤ ਦੀ ਖਬਰ ਪਤਾ ਲੱਗੀ ਤਾਂ ਉਨ੍ਹਾਂ ਨੇ ਉਸ ਪਿੰਡ ਦਾ ਨਾਂ ਸਹਿਮਵਾਲ ਰੱਖ ਦਿੱਤਾ। ਸਹਿਮਵਾਲ ਦਾ ਕੋਈ ਵੀ ਵਾਸੀ ਜਦੋਂ ਆਂਢ-ਗੁਆਂਢ ਦੇ ਕਿਸੇ ਵੀ ਵਾਸਿੰਦੇ ਨੂੰ ਮਿਲਦਾ ਤਾਂ ਉਹ ਉਸ ਦੇ ਮੂੰਹ 'ਤੇ ਥੁੱਕਦੇ ਤੇ ਕਹਿੰਦੇ, "ਕੰਜਰਾਂ ਨੇ ਭਰਤੇ ਦੀ ਸਿਆਸਤ ਮਗਰ ਲੱਗੇ ਕੇ ਪੰਜਾਬੋ ਨੂੰ ਮਾਰ ਦਿੱਤਾ" ਤੇ ਸਹਿਮਵਾਲ ਦਾ ਵਾਸਿੰਦਾ ਸ਼ਰਮ ਦਾ ਮਾਰਿਆ ਅੱਖਾਂ ਨੀਵੀਆਂ ਕਰ ਕੇ ਸਭ ਕੁਝ ਸੁਣ ਲੈਂਦਾ। ਭਰਤੇ ਦੇ ਕੰਨਾਂ ਦੇ ਕੱਚੇ ਨਾਲਾਇਕ ਪੁੱਤਾਂ ਦੀ ਗਲਤੀ ਭੁਗਤਣੀ ਸਾਰੇ ਪਿੰਡ ਨੂੰ ਪੈ ਰਹੀ ਹੈ। ਜਦੋਂ ਪੁੱਤ ਆਲੇ ਦੁਆਲੇ ਤੋਂ ਇਹੀ ਗੱਲਾਂ ਸੁਣਦੇ ਰਹੇ ਤਾਂ ਉਹ ਭਰਤੇ ਦੀ ਜਾਨ ਦੇ ਦੁਸ਼ਮਣ ਬਣ ਗਏ।

ਪਰ ਭਰਤਾ ਕਦੋਂ ਕਿਸੇ ਦੇ ਕਾਬੂ ਆਉਣ ਵਾਲਾ ਸੀ। ਆਪਣੀ ਚਲਾਕੀ

→

The Manitoba Mirror

ਮੈਨੀਟੋਬਾ ਦਰਪਣ

BRAR NATURAL FLOUR MILLS

— ਸ਼ੇਰੇ-ਪੰਜਾਬ ਡੂਰਮ ਕਣਕ ਦਾ ਆਟਾ —

ਚਾਹੇ ਰੋਟੀਆਂ ਪਕਾਓ ਜਾਂ ਪੂਰੀਆਂ ਬਣਾਓ

ਫ਼ੋਨ : 204-632-5360

ਵਧੀਆ ਮੱਕੀ ਪੀਸਣ ਵਾਲੀਆਂ ਅਤੇ
ਵਧੀਆ ਵੇਸਣ ਪੀਸਣ ਵਾਲੀਆਂ ਚੱਕੀਆਂ
ਨਵੀਆਂ ਲੱਗ ਰਹੀਆਂ ਹਨ

ਗਰੌਸਰੀ ਦੀਆਂ ਸਾਰੀਆਂ ਵਸਤਾਂ ਵਾਜਬ ਭਾਅ 'ਤੇ

ਮੂਵੀਆਂ — ਟੇਪਾਂ ਵੀ ਇਥੋਂ ਮਿਲਦੀਆਂ ਹਨ

Ph. 775-6989

830 - NOTRE DAME AVE. WINNIPEG, MAN.

ਵਿੰਨੀਪੈਗ ਵਿਚ ਹਰ ਪ੍ਰਕਾਰ ਦੀ ਪ੍ਰਾਪਰਟੀ ਖ਼ੀਦਣ ਜਾਂ ਵੇਚਣ ਲਈ

ਮਿੱਤਰਤਾ ਭਰੀ, ਈਮਾਨਦਾਰ ਅਤੇ ਤਜਰਬੇਕਾਰ ਸਲਾਹ ਲਈ



ਅਵਤਾਰ ਟਿਵਾਣਾ ਨੂੰ ਮਿਲੋ ਜਾਂ ਫੋਨ ਕਰੋ :

Ph. Off: (204) 694-5000

Res: 694-3198

Pager 942-7788 #02284



Sales Representative

REMAX REALTY


10 - 2230 McPhillps St., Winnipeg, MB R2V 3C8



ਵੀਡੀਓ ਮੂਵੀਆਂ ਵੀ ਇੱਥੋਂ ਲੈ ਸਕਦੇ ਹੋ

ਵਿੰਨੀਪੈਗ ਵਿਚ ਕੱਪੜੇ ਤੇ ਗਹਿਣਿਆਂ ਦੀ ਦੁਕਾਨ


ਕੋਹਿਨੂਰ ਜਿਊਲਰਜ਼ ਤੇ ਫੈਬਰਿਕ ਸੈਂਟਰ




ਦਾਜ-ਵਰੀ ਦੇ ਗਹਿਣੇ ਇਕੋ ਹੀ ਥਾਂ ਤੋਂ ਬਣਵਾਓ

ਆਪਣੇ ਮਨਪਸੰਦ ਦੇ ਗਹਿਣੇ ਬਨਵਾਉਣ ਲਈ ਵੀ

ਕੋਹਿਨੂਰ ਜਿਊਲਰਜ਼ ਅਤੇ ਫੈਬਰਿਕ ਸੈਂਟਰ ਤੇ ਪਹੁੰਚੋ





ਵੰਨ ਸਵੰਨੇ ਸੂਟ ਤੇ ਸਾੜ੍ਹੀਆਂ ਦੀ ਚੋਣ ਅਤੇ ਦਾਜ-ਵਰੀ ਲਈ ਯਾਦ ਰੱਖੋ

ਕੋਹਿਨੂਰ ਜਿਊਲਰਜ਼ ਤੇ ਫੈਬਰਿਕ ਸੈਂਟਰ

ਵਧੀਆ ਕੁਆਲਿਟੀ, ਵਾਜਬ ਕੀਮਤਾਂ, ਦੋਸਤਾਨਾ ਵਰਤਾਓ ਅਤੇ ਤਸੱਲੀਬਖਸ਼ ਚੀਜ਼ਾਂ ਮਿਲਦੀਆਂ ਹਨ

Kohinoor Jewellers & Fabric Centre

724 - Sargent Ave., Winnipeg, MAN.

Ph. Bus. 772-3937

Res. 633-6567


REDWOOD MOTORS LTD.

ਕਾਰਾਂ ਦੀ ਜਨਰਲ ਮੁਰੰਮਤ — ਬਰੇਕਾਂ ਦੀ ਸਪੈਸ਼ਲ ਸਰਵਿਸ



Automotive Repairs — Alignment and Wheel Balancing

ਹਰ ਤਰ੍ਹਾਂ ਦੀ ਕਾਰ ਦੀ ਮੁਰੰਮਤ ਜਲਦੀ ਕਰਵਾਉਣ ਲਈ ਰੈਡਵੁੱਡ ਮੋਟਰਜ਼ ਉਤੇ ਪਹੁੰਚੋ



PH. 582-7138

600 - Redwood Ave. WINNIPEG, MAN.

ਦਹਿਸ਼ਤਵਾਦ ਵਿਰੁਧ ਸਖਤੀ

ਪੇਸ਼ਕਸ਼ : ਬਲਬੀਰ ਜੰਡੂ

ਬਰਤਾਨੀਆ ਵਿਚ ਕਥਿਤ ਅਤਿਵਾਦੀਆਂ ਅਤੇ ਖਾਲਿਸਤਾਨ ਸਮਰਥਕਾਂ ਦੀਆਂ ਸਰਗਰਮੀਆਂ ਲੰਬੇ ਸਮੇਂ ਤੋਂ ਜਾਰੀ ਹਨ ਅਤੇ ਭਾਰਤ ਸਰਕਾਰ ਨੇ ਇਸ ਬਾਰੇ ਕਈ ਵਾਰੀ ਥੈਚਰ ਸਰਕਾਰ ਕੋਲ ਰੋਸ ਪ੍ਰਗਟ ਕੀਤਾ ਹੈ। ਬਰਤਾਨਵੀ ਪ੍ਰਧਾਨ ਮੰਤਰੀ ਸ੍ਰੀਮਤੀ ਮਾਰਗਰੇਟ ਥੈਚਰ ਨੇ ਪਿਛਲੇ ਦਿਨੀਂ ਪਹਿਲੀ ਵਾਰੀ ਇਕ ਭਾਰਤੀ ਪੱਤਰਕਾਰ ਚੰਦਨ ਮਿਤਰਾ ਨਾਲ ਇਕ ਇੰਟਰਵਿਊ ਵਿਚ ਇਸ ਬਾਰੇ ਵਿਚਾਰ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਭਾਰਤ ਵਿਰੋਧੀ ਸਰਗਰਮੀਆਂ ਵਿਚ ਲੱਗੇ ਲੋਕਾਂ ਨੂੰ ਕਿਸੇ ਤਰ੍ਹਾਂ ਵੀ ਸਹਿਣ ਨਹੀਂ ਕਰੇਗੀ। ਇਸ ਇੰਟਰਵਿਊ ਦੇ ਕੁਝ ਅੰਸ਼ ਅਸੀਂ ਇਨ੍ਹਾਂ ਕਾਲਮਾਂ ਵਿਚ ਪਾਠਕਾਂ ਦੀ ਦਿਲਚਸਪੀ ਲਈ ਛਾਪ ਰਹੇ ਹਾਂ

ਪ੍ਰਸ਼ਨ : ਭਾਰਤ-ਬਰਤਾਨੀਆਂ ਦੇ ਸੰਬੰਧਾਂ ਵਿਚ 1947 ਤੋਂ ਹੀ ਵਿਰੋਧਤਾ ਅਤੇ ਸਹਿਹੋਂਦ ਸਾਫ ਨਜ਼ਰ ਆਉਂਦੀ ਹੈ। ਦੋਵਾਂ ਦੇਸ਼ਾਂ ਅੰਦਰ ਕਈ ਵਾਰ ਇਕ ਦੂਸਰੇ ਨਾਲ ਸੰਬੰਧਤ ਕਾਰਵਾਈਆਂ ਅਤੇ ਸਰਕਾਰੀ ਟਿੱਪਣੀਆਂ ਬੜੇ ਨਾਜ਼ਕ ਪੜਾਅ ਉਤੇ ਪੁੱਜ ਜਾਂਦੀਆਂ ਹਨ। ਤੁਸੀਂ ਪਿਆਰ-ਘ੍ਰਿਣਾ ਦੇ ਇਨ੍ਹਾਂ ਆਸਾਧਾਰਨ ਸੰਬੰਧਾਂ ਨੂੰ ਕਿਵੇਂ ਲੈਂਦੇ ਹੋ ?

ਉਤਰ : ਵਿਰੋਧਤਾ ਬਹੁਤ ਸਖਤ ਸ਼ਬਦ ਹੈ ਅਤੇ ਮੈਂ ਆਪਣੇ ਪਾਸਿਓਂ ਅਤੇ ਦੂਸਰੀ ਧਿਰ ਤੋਂ ਯਕੀਨਨ ਤੌਰ 'ਤੇ ਅਜਿਹੀ ਕਾਰਵਾਈ ਬਾਰੇ ਨਹੀਂ ਜਾਣਦੀ। ਇਥੇ ਤਾਂ ਭਾਰਤ ਲਈ ਡੂੰਘਾ ਪਿਆਰ ਹੈ। ਪਰ ਦੋਵੇਂ ਚੰਗੀ ਤਰ੍ਹਾਂ ਸਥਾਪਤ ਹੋ ਚੁਕੀਆਂ ਜਮਹੂਰੀਅਤਾਂ ਹਨ, ਹਰੇਕ ਅੰਦਰ ਵਿਆਪਕ ਪੱਧਰ ਉਤੇ ਵਿਚਾਰਾਂ ਦੇ ਵਖਰੇਵਿਆਂ ਨੂੰ ਆਪਣੇ ਵਿਚ ਸਮਾਉਣ ਦੀਆਂ ਸਮਰਥਾਵਾਂ ਹਨ। ਅਜਿਹੇ ਮਤਭੇਦਾਂ ਨੂੰ ਸਾਡੇ ਸਮੁੱਚੇ ਸੰਬੰਧਾਂ ਵਿਚ ਵਿਘਨ ਪੈਣ ਦਿੱਤੇ ਬਿਨਾਂ ਹੀ ਪੂਰੀ ਤਰ੍ਹਾਂ ਦੂਰ ਕੀਤਾ ਜਾ ਸਕਦਾ ਹੈ।

ਪ੍ਰਸ਼ਨ : ਸਹਿਜੀਵੀ ਸੰਬੰਧਾਂ ਦਾ ਇਕ ਪੱਖ ਇਹ ਵੀ ਹੈ ਕਿ ਭਾਰਤ ਵਿਚ ਅਕਸਰ ਇਸ ਗੱਲ ਬਾਰੇ ਚਿੰਤਾ ਪਾਈ ਜਾਂਦੀ ਹੈ ਕਿ ਬਰਤਾਨਵੀ ਸਰਕਾਰ, ਭਾਰਤ ਅੰਦਰ ਦਹਿਸ਼ਤਵਾਦ ਦੀ ਸਮੱਸਿਆ ਦੇ ਮਾਮਲੇ ਵਿਚ ਸਖਤੀ ਤੋਂ ਕੰਮ ਨਹੀਂ ਲੈ ਰਹੀ, ਖਾਸ ਕਰਕੇ ਉਨ੍ਹਾਂ ਦਹਿਸ਼ਤਪਸੰਦਾਂ ਦੇ ਸੰਬੰਧ ਵਿਚ ਜੋ ਬਰਤਾਨੀਆ ਦੀ ਧਰਤੀ ਤੋਂ ਕਾਰਵਾਈਆਂ ਦਾ ਸੰਚਾਲਨ ਕਰਦੇ ਹਨ। ਜਦੋਂ ਕਿ ਤੁਹਾਡੀ ਸਰਕਾਰ ਨੇ ਬਿਨਾਂ ਸ਼ੱਕ ਇਨ੍ਹਾਂ ਸਾਲਾਂ ਦੌਰਾਨ ਕਾਫੀ ਕੁਝ ਕੀਤਾ ਹੈ। ਪਰ ਫਿਰ ਵੀ ਅਜੇ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਬਹੁਤ ਸਾਰੇ ਦਹਿਸ਼ਤਪਸੰਦ ਅਤੇ ਉਨ੍ਹਾਂ ਦੇ ਹਮਦਰਦ ਬਰਤਾਨੀਆ ਨੂੰ ਇਕ ਅੱਡੇ ਦੇ ਤੌਰ 'ਤੇ ਵਰਤ ਰਹੇ ਹਨ ਕੀ ਤੁਸੀਂ ਉਨ੍ਹਾਂ ਵਿਰੁਧ ਸਖਤ ਕਾਰਵਾਈ ਕਰਨ ਬਾਰੇ ਵਿਚਾਰ ਕਰ ਰਹੇ ਹੋ ? ਇਸ ਤੋਂ ਵੀ ਵੱਧ ਕੀ ਤੁਸੀਂ ਉਨ੍ਹਾਂ ਕਦਮਾਂ ਨਾਲ ਸੰਤੁਸ਼ਟ ਹੋ, ਜੋ ਹੁਣ ਤੱਕ ਚੁਕੇ ਗਏ ਹਨ ਖਾਸ ਕਰਕੇ ਉਨ੍ਹਾਂ ਵਿਅਕਤੀਆਂ ਦੇ ਸਬੰਧ ਵਿਚ ਜਿਹੜੇ ਭਾਰਤ ਵਿਰੁਧ ਮੁਜਰਮਾਨਾ ਕਾਰਵਾਈਆਂ ਕਰਨ ਦੀ ਸਾਜ਼ਿਸ਼ ਬਣਾਉਂਦੇ ਫੜੇ ਗਏ ਹਨ ਇਥੋਂ ਤੱਕ ਕਿ ਜਦੋਂ ਬਰਤਾਨੀਆਂ ਅੰਦਰ ਆਈ ਆਰ ਏ ਦਾ ਮੈਂਬਰ ਬਣਨਾ ਇਕ ਜੁਰਮ ਹੈ ਪਰ ਬਹੁਤ ਸਾਰੀਆਂ ਖਾਲਿਸਤਾਨੀ ਅਤੇ ਆਜ਼ਾਦ ਕਸ਼ਮੀਰ ਦੀਆਂ ਜਥੇਬੰਦੀਆਂ ਲਗਾਤਾਰ ਉਥੋਂ ਕੰਮ ਕਰ ਰਹੀਆਂ ਹਨ। ਲੋਕ ਇਥੇ ਕਈ ਵਾਰ ਮਹਿਸੂਸ ਕਰਦੇ ਹਨ ਕਿ ਤੁਸੀਂ ਨਿਰਪੱਖ ਨਹੀਂ ਹੋ। ਕੀ ਤੁਸੀਂ ਸਹਿਮਤ ਹੋ ?

ਉਤਰ : ਤੁਹਾਡੇ ਸਵਾਲ ਬਹੁਤ ਹੀ ਮੁਸ਼ਕਲ ਸਮੱਸਿਆਵਾਂ ਦੀਆਂ ਡੂੰਘਾਣਾਂ ਤੱਕ ਜਾਂਦੇ ਹਨ। ਪਹਿਲਾ, ਅਸੀਂ ਕਿਸੇ ਵੀ ਹਾਲਤ ਅੰਦਰ ਹਿੰਸਾ ਨੂੰ ਸਹਿਣ ਨਹੀਂ ਕਰ ਸਕਦੇ। ਜਦੋਂ ਕਦੇ ਵੀ ਬਰਤਾਨੀਆ ਵਿਚ "ਖਾਲਿਸਤਾਨ" ਦੇ ਨਾਂ ਉਤੇ ਜੁਰਮ ਹੁੰਦਾ ਹੈ ਤਾਂ ਮੁਕੱਦਮਾ ਚਲਾਇਆ ਜਾਂਦਾ ਹੈ ਅਤੇ ਬਾਕਾਇਦਾ ਸਜ਼ਾ ਦਿੱਤੀ ਜਾਂਦੀ ਹੈ। ਸਜ਼ਾਵਾਂ ਸਖਤ ਹੁੰਦੀਆਂ ਹਨ। ਪਿਛਲੇ ਸਾਲ ਹੀ ਅੱਠ ਅਪਰਾਧੀਆਂ ਨੂੰ ਸਜ਼ਾਵਾਂ ਦਿੱਤੀਆਂ ਗਈਆਂ। ਉਨ੍ਹਾਂ ਵਿਚੋਂ ਚਾਰ ਉਮਰ ਕੈਦ ਭੁਗਤ ਰਹੇ ਹਨ। ਦੂਸਰਾ, ਅਸੀਂ ਇਸ ਗੱਲ ਲਈ ਦ੍ਰਿੜ੍ਹ ਸੰਕਲਪ ਹਾਂ ਕਿ ਇਸ ਦੇਸ਼ ਅੰਦਰ ਅਜਿਹੀ ਕਿਸੇ ਵੀ ਕਾਰਵਾਈ, ਜੋ ਦਹਿਸ਼ਤਵਾਦ ਨੂੰ ਉਤਸ਼ਾਹਿਤ ਕਰਦੀ ਹੋਵੇ ਜਾਂ ਸਮਰਥਨ ਦਿੰਦੀ ਹੋਵੇ, ਨੂੰ ਖਤਮ ਕਰ ਦਿੱਤਾ ਜਾਵੇ। ਇਹ ਭਾਵੇਂ ਬਰਤਾਨੀਆਂ ਵਿਚ ਹੋਵੇ ਜਾਂ ਪੰਜਾਬ ਅੰਦਰ। ਅਸੀਂ ਭਾਰਤੀ ਅਧਿਕਾਰੀਆਂ ਨਾਲ ਬੜੇ ਨੇੜਲੇ ਸਹਿਯੋਗ ਨਾਲ ਚਲ ਰਹੇ ਹਾਂ। ਭਾਰਤ ਦੇ ਕੇਂਦਰੀ ਮੰਤਰੀ ਸ੍ਰੀ ਦਿਨੇਸ਼ ਸਿੰਘ ਜੋ ਅਕਤੂਬਰ ਵਿਚ ਇਥੇ ਆਏ ਸਨ ਨੇ ਆਪਣੀ ਸਰਕਾਰ ਦਾ ਵਿਸ਼ਵਾਸ ਪ੍ਰਗਟ ਕਰਦਿਆਂ ਕਿਹਾ ਸੀ ਕਿ ਬਰਤਾਨਵੀ ਸਰਕਾਰ ਦਹਿਸ਼ਤਵਾਦ ਵਿਰੁਧ ਸਖਤ ਕਦਮ ਚੁੱਕ ਰਹੀ ਹੈ। ਮੈਨੂੰ ਖੁਸ਼ੀ ਹੈ ਕਿ ਇਸ ਬਾਰੇ ਸਾਡੀ ਵਚਨਬੱਧਤਾ ਦੀ ਸਭ ਪਾਸੇ ਪ੍ਰਸੰਸਾ ਹੋ ਰਹੀ ਹੈ। ਤੀਸਰਾ, ਜਿਥੋਂ ਤੱਕ ਇਸ ਦੇਸ਼ ਅੰਦਰ ਕੰਮ ਕਰ ਰਹੀਆਂ ਉਨ੍ਹਾਂ ਜਥੇਬੰਦੀਆਂ ਦਾ ਸਵਾਲ ਹੈ ਜਿਹੜੀਆਂ ਵੱਖਵਾਦ ਦੀ ਹਮਾਇਤ ਕਰਦੀਆਂ ਹਨ, ਸਾਡੀ ਉਨ੍ਹਾਂ ਨਾਲ ਬਿਲਕੁਲ ਕੋਈ ਹਮਦਰਦੀ ਨਹੀਂ ਹੈ। ਉਨ੍ਹਾਂ ਦਾ ਨਿਸ਼ਾਨਾ ਸਮੁੱਚੇ ਤੌਰ 'ਤੇ ਸਾਡੀ ਭਾਰਤ ਦੀ ਏਕਤਾ ਅਤੇ ਅਖੰਡਤਾ ਲਈ ਹਮਾਇਤ ਦਾ ਵਿਰੋਧ ਕਰਨਾ ਹੈ। ਪਰ ਬਰਤਾਨੀਆ ਅੰਦਰ ਲੋਕਾਂ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਦਾ ਇਤਿਹਾਸਕ ਹੱਕ ਹਾਸਲ ਹੈ ਪਰ ਤਾਂ ਜੇ ਉਹ ਅਜਿਹਾ ਅਮਨਪੂਰਵਕ ਅਤੇ ਕਾਨੂੰਨ ਦੀਆਂ ਹੱਦਾਂ ਅੰਦਰ ਰਹਿੰਦੇ ਹੋਏ ਕਰਨ। ਵੱਖਵਾਦ ਦੀ ਅਮਨਪੂਰਵਕ ਵਕਾਲਤ ਆਪਣੇ ਆਪ ਵਿਚ ਕਾਨੂੰਨ ਦੇ ਵਿਰੁਧ ਨਹੀਂ ਹੈ। ਫਿਰ ਵੀ ਅਸੀਂ ਇਸ ਦੇ ਸਖਤ ਵਿਰੁਧ ਹਾਂ। ਅਸੀਂ ਭੜਕਾਊ ਬਿਆਨਾਂ ਦੇ ਤਾਂ ਮੂਲੋਂ ਹੀ ਵਿਰੋਧੀ ਹਾਂ ਅਤੇ ਸਮਝਦੇ ਹਾਂ ਕਿ ਉਹ ਬਰਤਾਨੀਆ ਦੀ ਪ੍ਰਾਹੁਣਾਚਾਰੀ ਦਾ ਨਜਾਇਜ਼ ਫਾਇਦਾ ਉਠਾ ਰਹੇ ਹਨ।

ਚੌਥਾ, ਮੈਂ ਬਰਤਾਨੀਆ ਵਿਚਲੇ ਲੋਕਾਂ ਨੂੰ ਜ਼ੋਰ ਦੇ ਕੇ ਕਹਿੰਦੀ ਹਾਂ ਕਿ ਉਹ ਕਿਸੇ ਵੀ ਤਰ੍ਹਾਂ ਦੀਆਂ ਵੱਖਵਾਦੀ ਕਾਰਵਾਈਆਂ ਅਤੇ ਹਿੰਸਾ ਪ੍ਰਤੀ ਆਪਣੇ ਵਤੀਰੇ ਦੇ ਸਵਾਲ ਨੂੰ ਚੰਗੀ ਤਰ੍ਹਾਂ ਵਿਚਾਰਨ, ਖਾਸ ਕਰਕੇ ਜੋ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ (ਦਮਦਮੀ ਟਕਸਾਲ), "ਨੈਸ਼ਨਲ ਕੌਂਸਲ ਆਫ ਖਾਲਿਸਤਾਨ" ਅਤੇ ਬੱਬਰ ਖਾਲਸਾ ਵਰਗੇ ਗਰੁਪ ਇਹ ਗੱਲ ਕਹਿੰਦੇ ਹਨ ਕਿ ਉਨ੍ਹਾਂ ਦਾ ਹਿੰਸਾ ਨਾਲ ਕੋਈ ਵਾਸਤਾ ਨਹੀਂ ਹੈ।

ਪੰਜਵਾਂ, ਜਥੇਬੰਦੀਆਂ ਉਤੇ ਪਾਬੰਦੀ ਲਾਉਣਾ ਜ਼ਰੂਰੀ ਨਹੀਂ ਹੈ। ਦਰਅਸਲ, ਇਸ ਨਾਲ ਤਾਂ ਸਮੱਸਿਆ ਹੋਰ ਵੀ ਉਲਝ ਸਕਦੀ ਹੈ। ਉਦਾਹਰਣ ਵਜੋਂ, ਜਿਵੇਂ ਕਿ ਤੁਸੀਂ ਜਾਣਦੇ ਹੋ, ਅਸੀਂ ਸਿਨ ਫੇਨ ਉਤੇ ਵੀ ਪਾਬੰਦੀ ਨਹੀਂ ਲਾਈ, ਹਾਲਾਂ ਕਿ ਉਹ ਰਾਜਨੀਤਕ ਪਾਰਟੀ ਹੈ, ਜਿਹੜੀ ਕਿ ਆਈ ਆਰ ਏ ਦੀ ਹਮਾਇਤ ਕਰਦੀ ਹੈ, ਜਦੋਂ ਕਿ ਆਈ ਆਰ ਏ ਇਕ ਦਹਿਸ਼ਤਪਸੰਦ ਜਥੇਬੰਦੀ ਹੈ ਜਿਹੜੀ ਇੰਗਲੈਂਡ ਦੀ ਇਲਾਕਾਈ ਅਖੰਡਤਾ ਨੂੰ ਤਬਾਹ ਕਰਨਾ ਚਾਹੁੰਦੀ ਹੈ। ਇਸ ਵਾਸਤੇ ਉਹ ਕਤਲਾਂ ਅਤੇ ਹਿੰਸਾ ਦਾ ਸਹਾਰਾ ਲੈਂਦੀ ਹੈ। ਇਸ ਲਈ ਮੈਂ ਨਹੀਂ ਸਮਝਦੀ ਕਿ ਇਹ ਕਹਿਣਾ ਠੀਕ ਹੈ ਕਿ ਅਸੀਂ ਇਨ੍ਹਾਂ ਦੀ ਸਰਪ੍ਰਸਤੀ ਕਰ ਰਹੇ ਹਾਂ।

ਛੇਵੀਂ ਗੱਲ, ਅਸੀਂ ਮਾਰੂ ਹਥਿਆਰਾਂ ਅਤੇ ਧਮਾਕਾਖੇਜ਼ ਪਦਾਰਥਾਂ ਦੀ ਬਰਾਮਦ ਉਤੇ ਸਖਤੀ ਨਾਲ ਕੰਟਰੋਲ ਕਰਦੇ ਹਾਂ। ਪਰ ਬਰਤਾਨੀਆ ਵਿਚੋਂ ਵਿਦੇਸ਼ੀ ਕਰੰਸੀ ਦੇ ਬਾਹਰ ਭੇਜਣ ਉਤੇ ਕੰਟਰੋਲ ਨਹੀਂ ਹੈ ਅਤੇ ਇਸ ਲਈ ਵੱਡੇ ਪੱਧਰ ਉਤੇ ਭਾਰਤ ਨੂੰ ਭਿਜਵਾਈਆਂ ਜਾਂਦੀਆਂ ਰਕਮਾਂ ਜਾਇਜ਼ ਹੀ ਹਨ। ਪਾਰਲੀਮੈਂਟ ਦੇ ਚਾਲੂ ਅਜਲਾਸ ਵਿਚ ਗ੍ਰਹਿ ਸਕੱਤਰ ਵਲੋਂ ਨਵਾਂ ਬਿਲ ਪੇਸ਼ ਕੀਤਾ ਜਾਵੇਗਾ ਜਿਸ ਅਧੀਨ ਦਹਿਸ਼ਤਗਰਦਾਂ ਦੇ ਫੰਡ ਇਕੱਠਾ ਕਰਨ ਵਿਰੁਧ ਸਖਤ ਕਦਮ ਚੁਕੇ ਜਾਣਗੇ। ਇਸ ਤੋਂ ਇਲਾਵਾ ਸਾਡੇ ਕੋਲ ਹੋਰ ਕੋਈ ਚਾਰਾ ਨਹੀਂ ਹੈ ਕਿ ਅਸੀਂ ਫੰਡਾਂ ਨੂੰ ਪੰਜਾਬ ਦੇ ਦਹਿਸ਼ਤਗਰਦਾਂ ਤੱਕ ਪਹੁੰਚਣ ਤੋਂ ਰੋਕ ਸਕੀਏ। ਪਰ ਫਿਰ ਵੀ ਇਸ ਨੂੰ ਰੋਕਣ ਦੇ ਲਈ ਅਸੀਂ ਆਪਣੀ ਪੂਰੀ ਵਾਹ ਲਾ ਰਹੇ ਹਾਂ।

ਸਮੁੱਚੇ ਤੌਰ ਉਤੇ ਸਾਨੂੰ ਦੇਸ਼ ਵਿਚ ਜਿਥੇ ਕਿਤੇ ਵੀ ਕਾਨੂੰਨ ਦੇ ਵਿਰੁਧ ਹੋ ਰਹੀਆਂ ਕਾਰਵਾਈਆਂ ਦਾ ਪਤਾ ਲੱਗੇਗਾ, ਉਸ ਨੂੰ ਸਖਤੀ ਨਾਲ ਨਜਿੱਠਿਆ ਜਾਵੇਗਾ। ਅਸੀਂ ਤੁਹਾਡੀ ਸਰਕਾਰ ਨਾਲ ਬੜੇ ਨੇੜਲੇ ਸਹਿਯੋਗ ਨਾਲ ਚਲ ਰਹੇ ਹਾਂ ਅਤੇ ਅਸੀਂ ਬਰਤਾਨੀਆ ਅੰਦਰ ਰਹਿ ਰਹੇ ਭਾਰਤੀ ਭਾਈਚਾਰੇ ਦੇ ਉਨ੍ਹਾਂ ਮੁੱਠੀ ਭਰ ਲੋਕਾਂ, ਜੋ ਅਤਿਵਾਦੀਆਂ ਦੀ ਹਮਾਇਤ ਕਰਦੇ ਹਨ, ਨੂੰ ਨਿਰਉਤਸ਼ਾਹਿਤ ਕਰਨ ਲਈ ਜੋ ਵੀ ਕਰ ਸਕਦੇ ਹੋਏ ਕਰਾਂਗੇ।

ਪ੍ਰਸ਼ਨ : ਬਰਤਾਨਵੀ ਪ੍ਰਚਾਰ ਸਾਧਨ ਭਾਰਤ ਅੰਦਰ ਗਲਤ ਫਹਿਮੀਆਂ ਪੈਦਾ ਕਰਨ ਅਤੇ ਤਣਾਅ ਵਧਾਉਣ ਲਈ ਕਾਫੀ ਹੱਦ ਤੱਕ ਜ਼ਿੰਮੇਵਾਰ ਹਨ। ਇਸ ਗੱਲ ਨਾਲ ਤਾਂ ਸਹਿਮਤੀ ਹੈ ਕਿ ਬਰਤਾਨਵੀ ਸਰਕਾਰ ਦਾ ਬੀ. ਬੀ. ਸੀ. ਜਾਂ ਆਈ. ਟੀ. ਵੀ. ਉਤੇ ਸਿੱਧਾ ਕੰਟਰੋਲ ਨਹੀਂ ਹੈ। ਪਰ ਕੀ ਇਹ ਤੁਹਾਡੇ ਵਾਸਤੇ ਸੰਭਵ ਨਹੀਂ ਕਿ ਉਹ ਆਪਣੇ ਆਪ ਨੂੰ, ਪ੍ਰਚਾਰ ਸਾਧਨਾਂ ਖਾਸ ਕਰਕੇ ਟੈਲੀਵੀਜ਼ਨ ਦੁਆਰਾ ਪ੍ਰਗਟ ਕੀਤੇ ਜਾ ਰਹੇ ਵਿਚਾਰਾਂ ਤੋਂ ਦੂਰ ਰੱਖੇ ? ਇਕ ਮੰਤਰੀ ਨੇ ਹੁਣੇ ਹੁਣੇ ਬੀ. ਬੀ. ਸੀ. ਦੇ ਵਿਵਾਦਗ੍ਰਸਤ ਪਨੋਰਮਾ ਪ੍ਰੋਗਰਾਮ ਬਾਰੇ ਅਜਿਹਾ ਕੀਤਾ ਸੀ ਪਰ ਇਹ ਏਨੀ ਦੇਰ ਬਾਅਦ ਕੀਤਾ ਗਿਆ ਕਿ ਇਸ ਦਾ ਕੋਈ ਅਸਰ ਨਹੀਂ ਸੀ। ਕੀ ਤੁਸੀਂ ਸਪਸ਼ਟ ਤੌਰ ਉਤੇ ਉਸ ਟੈਲੀਵੀਜ਼ਨ ਪ੍ਰੋਗਰਾਮ ਦੀ ਨਿਖੇਧੀ ਕਰਨ ਲਈ ਤਿਆਰ ਹੋ ਜਿਸ ਨੇ ਸਾਡੇ ਦੇਸ਼ ਅੰਦਰ ਏਨਾ ਗੁੱਸਾ ਅਤੇ ਤਣਾਅ ਪੈਦਾ ਕੀਤਾ ?

ਉਤਰ : ਹਾਂ, ਤੁਹਾਡੀ ਇਹ ਗੱਲ ਬਿਲਕੁਲ ਠੀਕ ਹੈ ਕਿ ਬਰਤਾਨੀਆ ਅੰਦਰ ਸਰਕਾਰ ਪ੍ਰਚਾਰ ਸਾਧਨਾਂ ਉਤੇ ਕੰਟਰੋਲ ਨਹੀਂ ਰੱਖਦੀ ਅਤੇ ਮੈਨੂੰ ਆਸ ਹੈ ਇਥੇ ਸਥਿਤ ਭਾਰਤੀ ਰੀਪੋਰਟਰ ਇਸ ਬਾਰੇ ਆਪਣੇ ਪਾਠਕਾਂ ਨੂੰ ਯਾਦ ਕਰਵਾਉਣਗੇ ਜਦੋਂ ਬਰਤਾਨਵੀ ਪ੍ਰਚਾਰ ਸਾਧਨਾਂ ਨੇ ਇਸ ਪ੍ਰੋਗਰਾਮ ਦੇ ਸੰਬੰਧ ਵਿਚ ਭਾਰਤੀ ਆਲੋਚਨਾ ਦੇ ਪ੍ਰਸਾਰਨ ਨੂੰ ਪੂਰਾ ਪੂਰਾ ਸਮਾਂ ਦਿੱਤਾ। ਬਰਤਾਨੀਆ ਅਤੇ ਭਾਰਤ ਨੂੰ ਇਸ ਗੱਲ ਦਾ ਮਾਣ ਹੈ ਕਿ ਉਨ੍ਹਾਂ ਦੇ ਦੇਸ਼ਾਂ ਅੰਦਰ ਪ੍ਰੈਸ, ਰੇਡੀਓ ਅਤੇ ਟੈਲੀਵੀਜ਼ਨ ਆਜ਼ਾਦ ਹਨ। ਪਰ ਇਸ ਦਾ ਅਰਥ ਹੈ ਕਿ ਬਹੁਤ ਸਾਰੇ ਮਾਮਲਿਆਂ ਬਾਰੇ ਸਖਤ ਰਵਈਆ ਧਾਰਨ ਕਰਨਾ ਪਵੇਗਾ। ਮੈਨੂੰ ਪਤਾ ਹੈ ਕਿ ਬਹੁਤੀ ਵਾਰੀ ਮੇਰੇ ਉਤੇ ਦੋਸ਼ ਲਗਦੇ ਰਹੇ ਹਨ। ਅਤੇ ਜੇ ਤੁਸੀਂ ਇਨ੍ਹਾਂ ਦੋਸ਼ਾਂ ਬਾਰੇ ਸ਼ਿਕਾਇਤ ਕਰੋ ਤਾਂ ਇਸ ਨਾਲ ਉਨ੍ਹਾਂ ਗੱਲਾਂ ਦਾ ਹੀ ਵਧੇਰੇ ਪ੍ਰਚਾਰ ਹੁੰਦਾ ਹੈ ਜਿਨ੍ਹਾਂ ਬਾਰੇ ਤੁਸੀਂ ਸ਼ਿਕਾਇਤ ਕਰ ਰਹੇ ਹੋ। ਜਦੋਂ ਕੋਈ ਗੱਲ ਕਿਸੇ ਵਿਦੇਸ਼ੀ ਸਰਕਾਰ ਲਈ ਖਾਸ ਤੌਰ ਉਤੇ ਔਖੀ ਅਤੇ ਵਿਰੋਧੀ ਸਾਬਤ ਹੁੰਦੀ ਹੈ ਤਾਂ ਮੰਤਰੀ ਆਮ ਤੌਰ ਉਤੇ ਜਨਤਕ ਤੌਰ 'ਤੇ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹਨ ਅਤੇ ਮੈਂ ਦੂਤਾਵਾਸਾਂ ਜਾਂ ਹਾਈ ਕਮਿਸ਼ਨਰਾਂ ਨੂੰ ਇਹ ਕਹਿੰਦੀ ਹਾਂ ਕਿ ਪ੍ਰਚਾਰ ਅਧਿਕਾਰੀਆਂ ਨਾਲ ਸਿੱਧੇ ਤੌਰ ਉਤੇ ਗੱਲ ਕਰਨ ਅਤੇ ਉਹ ਵੀ ਬਿਨਾਂ ਕਿਸੇ ਵੱਲ ਵਲੇਵੇਂ ਦੇ।

ਪ੍ਰਸ਼ਨ : ਤੁਸੀਂ ਅਕਸਰ, ਬਰਤਾਨੀਆ ਵਿਚ ਰਹਿੰਦੇ ਭਾਰਤੀ ਭਾਈਚਾਰੇ ਦੇ ਰੋਲ ਦੀ ਪ੍ਰਸੰਸਾ ਕਰਦੇ ਰਹਿੰਦੇ ਹੋ। ਫਿਰ ਵੀ, ਜਿਸ ਢੰਗ ਨਾਲ ਤੁਹਾਡੀ ਸਰਪ੍ਰਸਤੀ ਹੇਠ ਪਰਵਾਸੀ ਕਾਨੂੰਨਾਂ ਨੂੰ ਸਖਤ ਬਣਾਇਆ ਗਿਆ ਹੈ ਉਸ ਤੋਂ ਪ੍ਰਭਾਵ ਮਿਲਦਾ ਹੈ ਕਿ ਨਵੇਂ ਕਾਮਨਵੈਲਥ ਨਾਗਰਿਕਾਂ ਵਿਰੁਧ ਪੱਖਪਾਤੀ ਵਤੀਰਾ ਧਾਰਨ ਕੀਤਾ ਜਾ ਰਿਹਾ ਹੈ ਭਾਵੇਂ ਕਿ ਉਨ੍ਹਾਂ ਕੋਲ ਬਰਤਾਨੀਆਂ ਅੰਦਰ ਦਾਖਲ ਹੋਣ ਜਾਂ ਰਹਿਣ ਦੇ ਕਾਨੂੰਨੀ ਅਧਿਕਾਰ ਵੀ ਹਨ ?

ਉਤਰ : ਸਾਡੇ ਕੋਲ ਪਰਵਾਸੀ ਨਿਯਮਾਂ ਦਾ ਸਿਰਫ ਇਕੋ ਇਕ ਸੈਟ ਹੈ ਅਤੇ ਇਹ ਸੰਸਾਰ ਦੀਆਂ ਸਾਰੀਆਂ ਕੌਮੀਅਤਾਂ ਉਤੇ ਬਰਾਬਰ ਲਾਗੂ ਹੁੰਦੇ ਹਨ।

ਪ੍ਰਸ਼ਨ : ਤੁਸੀਂ, ਦੱਖਣੀ ਅਫਰੀਕਾ ਵਿਰੁਧ ਜ਼ਰੂਰ ਪਾਬੰਦੀਆਂ ਲਾਉਣ ਦਾ ਲਗਾਤਾਰ ਵਿਰੋਧ ਕਰਦੇ ਰਹੇ ਹੋ। ਅਕਸਰ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਤੁਹਾਡੇ ਵਲੋਂ ਇਹ ਵਿਰੋਧ ਉਸ ਦੇਸ਼ ਅੰਦਰ ਬਰਤਾਨਵੀ ਨਿਵੇਸ਼ ਸੰਬੰਧੀ ਚਿੰਤਾ ਵਿਚੋਂ ਨਿਕਲਦਾ ਹੈ। ਕੀ ਤੁਸੀਂ ਇਸ ਆਲੋਚਨਾ ਨੂੰ ਸਵੀਕਾਰ ਕਰਦੇ ਹੋ ?

ਉਤਰ : ਦੱਖਣੀ ਅਫਰੀਕਾ ਵੱਲ ਭਾਰਤੀ ਅਤੇ ਬਰਤਾਨਵੀ ਨੀਤੀ ਦੇ ਪੱਖਾਂ ਵਿਚਾਲੇ ਬਹੁਤ ਵਖਰੇਵੇਂ ਹਨ ਪਰ ਉਦੇਸ਼ਾਂ ਬਾਰੇ ਕੋਈ ਅਸਹਿਮਤੀ ਨਹੀਂ ਹੈ ਕਿ ਨਸਲਵਾਦ ਦਾ ਛੇਤੀ ਤੋਂ ਛੇਤੀ ਖਾਤਮਾ ਸੰਭਵ ਹੋਵੇ। ਅਸੀਂ ਲਾਜ਼ਮੀ ਪਾਬੰਦੀਆਂ ਦਾ ਵਿਰੋਧ ਇਸ ਲਈ ਕਰਦੇ ਹਾਂ ਕਿਉਂਕਿ ਸਾਡਾ ਵਿਸ਼ਵਾਸ ਹੈ ਕਿ ਇਨ੍ਹਾਂ ਨਾਲ ਕੋਈ ਫਾਇਦਾ ਨਹੀਂ ਹੋਣ ਵਾਲਾ। ਅਜਿਹਾ ਸਖਤ ਵਤੀਰਾ ਉਥੇ ਹਿੰਸਾ ਵਿਚ ਹੀ ਵਾਧਾ ਕਰੇਗਾ। ਦੂਸਰਿਆਂ ਵਾਂਗ ਸਾਡੇ ਵੀ ਦੱਖਣੀ ਅਫਰੀਕਾ ਅੰਦਰ ਆਰਥਿਕ ਹਿਤ ਹਨ। ਇਸ ਤੋਂ ਵੀ ਵੱਧ ਅਸੀਂ ਕਾਲੇ ਅਫਰੀਕਨਾਂ ਵਾਸਤੇ ਵਿਦਿਆ ਦੇ ਸੁਧਾਰ ਵਾਸਤੇ ਗਰਾਂਟ ਦਿੱਤੀ ਹੈ ਅਤੇ ਸਰਹੱਦੀ ਰਾਜਾਂ ਨੂੰ ਵੀ ਲੋੜੀਂਦੀ ਮਦਦ ਪ੍ਰਦਾਨ ਕੀਤੀ ਹੈ।

ਪ੍ਰਸ਼ਨ : ਤੁਸੀਂ ਸ੍ਰੀਮਤੀ ਇੰਦਰਾ ਗਾਂਧੀ ਦੇ 1980 ਵਿਚ ਵਾਪਸ ਸਤਾ ਵਿਚ ਆਉਣ ਤੋਂ ਥੋੜ੍ਹਾ ਚਿਰ ਪਹਿਲਾਂ ਹੀ ਸੱਤਾ ਵਿਚ ਆਏ ਸੀ। ਤੁਹਾਡੇ ਉਨ੍ਹਾਂ ਨਾਲ ਨਿੱਘੇ ਵਿਅਕਤੀਗਤ ਸੰਬੰਧ ਸਨ। ਤੁਹਾਡੇ ਸ੍ਰੀ ਰਾਜੀਵ ਗਾਂਧੀ ਨਾਲ ਵੀ ਗੂੜ੍ਹੇ ਸੰਬੰਧ ਹਨ। ਜਦੋਂ ਤੋਂ ਤੁਸੀਂ ਪ੍ਰਧਾਨ ਮੰਤਰੀ ਬਣੇ ਹੋ ਹਿੰਦ-ਬਰਤਾਨੀਆਂ ਸੰਬੰਧਾਂ ਬਾਰੇ ਕਿੰਨਾ ਕੁ ਚੰਗਾ ਮਹਿਸੂਸ ਕਰਦੇ ਹੋ ?

ਉਤਰ : ਮੈਂ ਸ੍ਰੀਮਤੀ ਇੰਦਰਾ ਗਾਂਧੀ ਦੀ ਇਕ ਸਿਆਸਤਦਾਨ ਅਤੇ ਇਕ ਵਿਅਕਤੀ ਵਜੋਂ ਭਾਰੀ ਪ੍ਰਸੰਸਕ ਰਹੀ ਹਾਂ। ਇਹ ਬੜਾ ਵਿਲਖਣ ਕਿਸਮ ਦਾ ਸੰਬੰਧ ਸੀ ਅਤੇ ਮੈਂ ਅਜੇ ਤੱਕ ਉਨ੍ਹਾਂ ਦੀ ਭਿਆਨਕ ਮੌਤ ਨਾਲ ਪਏ ਘਾਟੇ ਨੂੰ ਮਹਿਸੂਸ ਕਰਦੀ ਹਾਂ। ਤਦ ਤੋਂ ਹੀ ਮੈਂ ਸ੍ਰੀ ਰਾਜੀਵ ਗਾਂਧੀ ਨੂੰ ਜਾਣਦੀ ਹਾਂ ਅਤੇ ਮੈਂ ਉਨ੍ਹਾਂ ਦੇ ਹੌਸਲੇ, ਵਿਚਾਰਾਂ ਅਤੇ ਨਿਰਣਾਇਕਤਾ, ਜਿਹੜੀ ਉਨ੍ਹਾਂ ਨੇ ਆਪਣੇ ਕੰਮ ਵਿਚ ਲਿਆਂਦੀ, ਦੀ ਭਾਰੀ ਪ੍ਰਸੰਸਕ ਹਾਂ। ਸਾਡੇ ਦੋਵਾਂ ਦੇਸ਼ਾਂ ਵਿਚਾਲੇ ਸੰਬੰਧ ਹੁਣ ਬੜੇ ਸਰਗਰਮ ਅਤੇ ਸਦਭਾਵਨਾ ਵਾਲੇ ਹਨ।

ਓਪਨ ਹਾਰਟ ਸਰਜਰੀ 'ਚ ਸੀ. ਐਮ. ਸੀ. ਦੀਆਂ ਪ੍ਰਾਪਤੀਆਂ

ਲੁਧਿਆਣਾ — ਸਥਾਨਕ ਕ੍ਰਿਸਚੀਅਨ ਮੈਡੀਕਲ ਕਾਲਜ ਤੇ ਹਸਪਤਾਲ ਵਿਚ ਦਿਲ ਦੇ ਰੋਗਾਂ ਦੇ ਦੋ ਮਾਹਿਰ ਡਾਕਟਰਾਂ ਨੇ 'ਓਪਨ ਹਾਰਟ ਸਰਜਰੀ' ਦੇ ਸੌ ਅਪਰੇਸ਼ਨ ਕਰ ਕੇ ਇਕ ਨਵਾਂ ਰਿਕਾਰਡ ਕਾਇਮ ਕੀਤਾ ਹੈ। ਸੀ. ਐਮ. ਸੀ. ਦੇ ਕਾਰਡਿਅਕ ਸਰਜਰੀ ਅਤੇ ਕਾਰਡਿਆਲੋਜੀ ਵਿਭਾਗ ਦੇ ਮੁਖੀਆਂ ਡਾ. ਮੋਹਨ ਵਰਗੀਜ਼ ਤੇ ਡਾ. ਟੀ. ਐਮ ਜੇਸਨ ਨੂੰ ਪੰਜਾਬ ਦੇ ਪਹਿਲੇ ਡਾਕਟਰ ਹੋਣ ਦਾ ਮਾਣ ਪ੍ਰਾਪਤ ਹੈ ਜਿਨ੍ਹਾਂ ਨੇ ਦਿਲ ਦੇ ਰੋਗਾਂ ਦੇ ਸਫਲ ਇਲਾਜ ਲਈ ਇਸ ਪੱਧਰ 'ਤੇ ਅਪਰੇਸ਼ਨ ਕੀਤੇ ਹਨ। ਇਹ ਦੋਵੇਂ ਡਾਕਟਰ ਮੂਲ ਰੂਪ ਵਿਚ ਭਾਵੇਂ ਕੇਰਲਾ ਦੇ ਵਸਨੀਕ ਹਨ ਪਰ ਇਨ੍ਹਾਂ ਨੇ ਡਾਕਟਰੀ ਦੀ ਸਿਖਿਆ ਸੀ ਐਮ ਸੀ ਤੋਂ ਹੀ ਪ੍ਰਾਪਤ ਕੀਤੀ ਹੈ।

ਹਸਪਤਾਲ ਦੇ ਡਾਇਰੈਕਟਰ ਡਾ. ਵਿਕਟਰ ਚੌਧਰੀ ਨੇ ਦੱਸਿਆ ਕਿ ਪਿਛਲੇ ਕੁਝ ਵਰ੍ਹਿਆਂ ਤਕ ਦਿਲ ਦੇ ਰੋਗਾਂ ਦੇ ਅਪਰੇਸ਼ਨ ਲਈ ਰੋਗੀਆਂ ਨੂੰ ਦੂਰ-ਦੁਰਾਡੇ ਦੀਆਂ ਥਾਵਾਂ 'ਤੇ ਅਤੇ ਕਈ ਸਥਿਤੀਆਂ ਵਿਚ ਵਿਦੇਸ਼ ਜਾਣਾ ਪੈਂਦਾ ਸੀ ਪਰ ਹੁਣ 'ਓਪਨ ਹਾਰਟ ਸਰਜਰੀ' ਦੀ ਮੁਕੰਮਲ ਸਹੂਲੀਅਤ ਸੀ. ਐਮ. ਸੀ. ਵਿਚ ਪ੍ਰਾਪਤ ਹੋ ਜਾਣ ਨਾਲ ਵਿਸ਼ੇਸ਼ ਤੌਰ 'ਤੇ ਪੰਜਾਬ ਦੇ ਰੋਗੀਆਂ ਨੂੰ ਸਹੂਲਤ ਹੋ ਗਈ ਹੈ

→

ਨਾਲ ਉਹ ਬਚ ਵੀ ਨਿਕਲਿਆ ਤੇ ਉਲਟਾ ਪੰਜਾਂ ਭਰਾਵਾਂ ਵਿਚ ਲੜਾਈ ਵੀ ਪੁਆ ਦਿੱਤੀ। ਪੰਜੇ ਭਰਾ ਇਕ ਦੂਜੇ ਦੀ ਜਾਨ ਦੇ ਦੁਸ਼ਮਣ ਬਣ ਗਏ। ਇਸ ਦੁਸਮਣੀ ਦਾ ਨਤੀਜਾ ਪੰਜਾਬੋ ਦੇ ਸਾਂਝੇ ਵਿਹੜੇ ਦੀ ਵੰਡ ਦੇ ਰੂਪ ਵਿਚ ਸਾਹਮਣੇ ਆਇਆ। ਇਕ ਦਿਨ ਭਰਤੇ ਨੇ ਵੇਖਿਆ ਕਿ ਉਸ ਦੇ ਪੰਜੇ ਪੁੱਤ ਵਿਹੜੇ ਨੂੰ ਵੰਡ ਕੇ ਉਸ ਵਿਚਕਾਰ ਕੰਧਾਂ ਕੱਢ ਰਹੇ ਸਨ। ਭਰਤੇ ਤੋਂ ਖੁਸ਼ੀ ਸੰਭਾਲੀ ਨਹੀਂ ਸੀ ਜਾ ਰਹੀ। ਉਹਨੇ ਝੱਟ ਦੁੱਧ ਦਾ ਛੰਨਾ ਫੜਿਆ ਤੇ ਪੰਜਾਬੋ ਦੇ ਕੁੱਤੇ ਅੱਗੇ ਜਾ ਧਰਿਆ। ਕੁੱਤਾ ਅੰਗੜਾਈ ਭੰਨਦਾ ਉਠਿਆ, ਦੁੱਧ ਦੇ ਛੰਨੇ ਦੁਆਲੇ ਇਕ ਚੱਕਰ ਕੱਢਿਆ, ਕੰਧ ਵੱਲ ਗਿਆ, ਲੱਤ ਚੁੱਕ ਕੇ ਪਿਸ਼ਾਬ ਦੀ ਧਾਰ ਕੰਧ ਉਤੇ ਮਾਰੀ ਤੇ ਹਮੇਸ਼ਾਂ ਲਈ ਪਿੰਡ ਛੱਡ ਕੇ ਨੱਸ ਗਿਆ।


ਦਿਨ ਦਾ ਥੱਕਿਆ ਟੁੱਟਿਆ ਰਾਤੀਂ ਚਾਈਂ ਚਾਈਂ ਸੌਂ ਜਾਨਾਂ,
ਜ਼ਿੰਦਾਂ ਖ਼ਾਬਾਂ ਦੇ ਵਿਚ ਕੋਈ ਖੁਸ਼ੀਆਂ ਵੰਡਣ ਵਾਲਾ ਏ।

ਇਹ ਕਿਸ ਨੇ ਛੱਡੀ ਏ ਸੜਕਾਂ ਤੇ
ਪਾਗਲ ਭੇੜੀਆਂ ਦੀ ਭੀੜ ?
ਲਾਸ਼ਾਂ ਧੂੰਹਦੇ, ਬੋਟੀਆਂ ਨੋਚਦੇ
ਉਨ੍ਹਾਂ ਭੇੜੀਆਂ ਦੇ ਸੰਘਾਂ 'ਚ
ਕਿਵੇਂ ਗੁੱਰਾਉਂਦਾ ਏ
ਹਲਕਾਅ ਦਾ ਵਾਇਰਸ !

ਤੇ ਕਿਵੇਂ ਵੇਖਦਾ ਏ ਤ੍ਰਿਪਤ
ਭੇੜੀਆ-ਮਾਨਵ
ਸਿੰਘਾਸਨ ਤੇ ਬਿਰਾਜਿਆ !
ਮੰਗਲਕਾਰੀ ਉਹਦੇ ਪਾਰਦਰਸ਼ੀ ਮੁਖੌਟੇ ਦੇ ਪਿੱਛੇ
ਕਿਵੇਂ ਨੱਚਦੀਆਂ ਨੇ ਤਾਂਡਵ
ਉਹਦੀਆਂ ਆਦਮ-ਖ਼ੋਰ ਪੁਤਲੀਆਂ !

□ ਅੰਬਰੀਸ਼

ਜ਼ਿਕਰ



ਰਵਿੰਦਰ ਸਿੰਘ ਗਿੱਲ

ਹਰ ਕੋਈ ਕਹਿੰਦਾ ਏ
ਕਿ ਮੇਰਾ ਪੰਜਾਬ
ਪੰਜਾਂ ਦਰਿਆਵਾਂ ਦਾ ਤਾਰੂ
ਅੱਜ ਪੰਜਾਂ ਦਰਿਆਵਾਂ 'ਚ
ਡੁੱਬ ਰਿਹਾ ਏ ।

ਪਿਛਲੇ ਕਈ ਸਾਲਾਂ ਤੋਂ
ਚੜ੍ਹਦੇ ਪਾਸਿਉਂ ਹੀ ਚੜ੍ਹਦਾ ਹੈ
ਟੁੱਟੇ ਅੰਗਾਂ ਦੇ ਦਰਦ ਨਾਲ ਹੂੰਗਦਾ
ਚੁੰਧਿਆਈਆਂ ਅੱਖਾਂ ਮਲਦਾ
ਥਕਿਆ ਸੂਰਜ;
ਤੇ ਰੋਜ਼ ਦੀ ਤਰ੍ਹਾਂ
ਕਾਰਤੂਸਾਂ ਤੇ ਬੰਬਾਂ ਨਾਲ
ਆਪਣੀ ਧੁੱਪ ਨੂੰ ਜ਼ਖਮੀ ਕਰਵਾ
ਖੂਨ ਨਾਲ ਲੱਥ-ਪੱਥ
ਜਾ ਡਿੱਗਦਾ ਹੈ
ਲੋਕਾਂ ਦੀ ਜ਼ਿੰਦਗੀ ਵਾਂਗ
ਚਿੱਥ-ਖੜਿਬੀ ਧਰਤੀ ਉਤੇ ।

ਜ਼ਖਮੀ ਹੋ ਕੇ ਚੜ੍ਹਿਆ ਚੰਦ
ਕਿਵੇਂ ਦੂਰ ਕਰੇ
ਕਰਫੀਊ ਵਲੂੰਧਰੀਆਂ ਗਲੀਆਂ 'ਚ ਫਿਰਦੇ
ਨੇਰ੍ਹਿਆਂ ਦੇ ਪ੍ਰਛਾਵੇਂ
ਜਿਨ੍ਹਾਂ ਵਿਚ ਨ੍ਹੇਰਿਆਂ ਦੀ ਅਣਗਹਿਲੀ ਕਰਕੇ
ਬਹੁਤ ਕੁਝ ਵਾਪਰ ਜਾਂਦਾ:
ਧੀਆਂ ਭੈਣਾਂ ਦੀਆਂ ਵੰਗਾਂ ਦੇ
ਟੁੱਟਣ ਵਰਗਾ ......
ਕਿਸੇ ਦੇ ਸੁਹਾਗ ਨੂੰ
ਲੁੱਟਣ ਵਰਗਾ .... ।

ਘਰਾਂ ਵਿੱਚ ਤਾਂ
ਸਹਿਮੇਂ ਪ੍ਰਛਾਵੇਂ ਵਸਦੇ ਨੇ
ਜਿਨ੍ਹਾਂ ਦੇ ਪੈਰਾਂ ਹੇਠ
ਕੰਬ ਜਾਂਦੀ ਹੈ ਧਰਤੀ
ਸਿਰ ਤੇ ਮੰਡਰਾਉਂਦੀਆਂ
ਆਦਮ-ਖਾਣੀਆਂ ਗਿਰਝਾਂ ਨੂੰ ਤੱਕ
ਜਦ ਵੀ ਇਹ ਗਿਰਝਾਂ
ਧਰਤ ਤੇ ਉਤਰਦੀਆਂ ਨੇ
ਤਾਂ 'ਕਤਲ' ਚੀਕਦਾ ਹੈ;
ਤੇ ਹਵਾ ਵਿੱਚ ਫੈਲਦਾ ਹੈ
ਬਦਮਾਸ਼ ਬੇ-ਮੌਸਮੀ ਹਾਸਾ
ਦੂਸਰੇ ਦਿਨ ਜਿਸ ਵਿਚੋਂ
ਅਖਬਾਰਾਂ ਦੀਆਂ ਸੁਰਖੀਆਂ ਨੇ
ਜੰਮਣਾ ਹੁੰਦਾ ਹੈ ।

ਓਦਾਂ ਤਾਂ
ਹਰ ਕੋਈ ਲਈ ਫਿਰਦਾ ਏ
ਤਕਰੀਰਾਂ ਦੀਆਂ ਕਿਸ਼ਤੀਆਂ
ਡੁੱਬਦਾ ਪੰਜਾਬ ਬਚਾਉਣ ਲਈ
ਪਰ ਤਕਰੀਰਾਂ ਵੀ ਕਦੀ ਕਿਸ਼ਤੀਆਂ ਬਣੀਆਂ
ਜੋ ਕਿਸੇ ਡੁੱਬਦੇ ਨੂੰ ਕਿਨਾਰੇ ਲਾ ਸਕਣ
ਤਕਰੀਰਾਂ ਤਾਂ ਸਿਰਫ
ਦੁਹਰਾ ਸਕਦੀਆਂ ਨੇ ਕਤਲ ਹੋਏ
ਪੰਜ ਪਾਣੀਆਂ ਦੀ ਕਹਾਣੀ
ਜਾਂ ਪੰਜਾਬ ਦੀ
ਹਿੱਕ ਚੀਰਨ ਦਾ ਕਿੱਸਾ ।
ਜਾਂ ਪਾਣੀ ਤਰ੍ਹਾਂ ਡੁੱਲੇ
ਖੂਨ ਦੀ ਦਾਸਤਾਨ ।
ਹਾਂ ਜਾਂ ਪੂਰਾ ਕਰ ਸਕਦੀਆਂ ਨੇ ਸ਼ੌਕ
ਅੱਖਾਂ ਕੱਢ ਘੂਰਨ ਤੋਂ
ਦੰਦਾਂ ਦੇ ਕਿਰਚਣ ਤੱਕ ਦਾ ।

ਤਕਰੀਰਾਂ ਵਾਲਿਓ !
ਸਿਰਫ ਤਕਰੀਰਾਂ ਹੀ ਨਾ ਕਰਿਓ ।
ਹੋ ਸਕਿਆ ਤਾਂ ਮਨੁੱਖਤਾ ਨੂੰ ਮਿਲੇ
ਜ਼ਖਮਾਂ ਨੂੰ ਭਰਿਓ ।
ਜੰਗ ਤੇ ਅਮਨ ਦੇ ਸਹੀ ਅਰਥ ਕਰਿਓ ।
ਨਹੀਂ ਤਾਂ ਡੁੱਬਦੇ ਪੰਜਾਬ ਦਾ
ਜ਼ਿਕਰ ਨਾ ਕਰਿਓ ।
ਜ਼ਿਕਰ ਨਾ ਕਰਿਓ !!

ਗੁਰਬਾਣੀ—ਪਾਠ—ਵੀਚਾਰ

ਮੇਹਰ ਸਿੰਘ ਸੰਧੂ, ਵੈਨਕੂਵਰ

ਬੇਦ ਪਾਠ ਸੰਸਾਰ ਕੀ ਕਾਰ ।
ਪੜ੍ਹਿ ਪੜ੍ਹਿ ਪੰਡਿਤ ਕਰਹਿ ਬੀਚਾਰ ।
ਬਿਨੁ ਬੂਝੇ ਸਭ ਹੋਇ ਖੁਆਰ ।
ਨਾਨਕ ਗੁਰਮੁਖਿ ਉਤਰਸਿ ਪਾਰਿ ।
(ਗੁਰੂ ਗ੍ਰੰਥ ਸਾਹਿਬ ਪੰਨਾ 791)

ਵੇਦ ਕੁਰਾਣਾਂ ਪੜ੍ਹ ਪੜ੍ਹ ਥੱਕੇ
ਸਿਜਦੇ ਕਰਦਿਆਂ ਘਸ ਗਏ ਮੱਥੇ
ਨਾ ਰਬ ਤੀਰਥ ਨ ਰਬ ਮੱਕੇ (ਬੁਲ੍ਹੇਸ਼ਾਹ)

ਧਰਮਸਾਲ ਵਿਚ ਧਾੜਵੀ ਰਹਿੰਦੇ,
ਠਾਕਰ ਦੁਆਰੀਂ ਠੱਗ ।
ਵਿਚ ਮਸੀਤੀਂ ਰਹਿਣ ਕੁਸੱਤੀ
ਆਸ਼ਕ ਰਹਿਣ ਅਲੱਗ । (ਬੁਲ੍ਹੇਸ਼ਾਹ)

ਮੁਲਾਂ ਕਾਜੀ ਸਾਨੂੰ ਰਾਹ ਬਤਾਵਨ, ਦੇਣ ਭਰਮ ਦੇ ਫੇਰੇ ।
ਇਹ ਤਾਂ ਠੱਗ ਜਗਤ ਦੇ ਝੀਵਰ ਲਾਵਣ ਜ਼ਾਲ ਚੁਫੇਰੇ ।
ਕਰਮ ਸ਼ਰਾਅ ਦੇ ਧਰਮ ਬਤਾਵਨ, ਸੰਗਲ ਪਾਵਨ ਪੈਰੀਂ ।
ਜ਼ਾਤ ਮਜ਼ਹਬ ਇਹ ਇਸ਼ਕ ਨ ਪੁਛਦਾ, ਸ਼ਰਾਅ ਇਸ਼ਕ ਦਾ ਵੈਰੀ ।
(ਬੁਲ੍ਹੇ ਸ਼ਾਹ)

ਪਾਰ ਉਤਰਾ ਵੁਹ ਜੋ ਗਰਕ ਹੂਆ ਬਹਰੇ ਇਸ਼ਕ ਮੇਂ ॥
ਵੁਹ ਦਾਗ ਹੈ ਜੋ ਦਾਮਨੇ ਸਾਹਲ ਮੇਂ ਰਹਿ ਗਿਆ ॥
(ਗੁਲਾਮ ਫ਼ਰੀਦ)

ਅਗਰ ਹੋ ਇਸ਼ਕ ਤੋ ਹੈ ਕੁਫ਼ਰ ਭੀ ਮੁਸਲਮਾਨੀ ॥
ਨ ਹੋ ਤੋ ਮਰਦੇ ਮੁਸਲਮਾਨ ਭੀ ਕਾਫ਼ਰੋ ਜ਼ੰਦੀਕ ॥
(ਗੁਲਾਮ ਫ਼ਰੀਦ)

ਭਠ ਨਮਾਜ਼ਾਂ ਤੇ ਚਿਕੜ ਰੋਜ਼ੇ, ਕਲਮੇ ਤੇ ਫਿਰ ਗਈ ਸਿਆਹੀ ।
ਬੁਲ੍ਹੇ ਸ਼ਾਹ ਸ਼ਹੁ ਅੰਦਰੋ ਮਿਲਿਆ, ਭੁੱਲੀ ਫਿਰੇ ਲੋਕਾਈ ।

ਤਿਲਕ ਮਾਲਾ ਤੇ ਧਰਮ-ਪੋਥੀਆਂ ਦੇ ਪਾਠ ਨੂੰ ਅਤੇ ਮੱਸਿਆ ਸੰਗਰਾਦਾਂ ਨੂੰ, ਜਿਨ੍ਹਾਂ ਦੀ ਰਾਹੀਂ ਸਦੀਆਂ ਤੋਂ ਆਮ ਜਨਤਾ ਉਤੇ ਛਟ ਪਈ ਹੋਈ ਸੀ, ਸਤਿਗੁਰੂ ਨਾਨਕ ਦੇਵ ਜੀ ਨੇ ਦਲੇਰ ਹੋ ਕੇ ਖੁਲ੍ਹੇ ਲਫਜ਼ਾਂ ਵਿਚ ਫੋਕੇ ਕਰਮ ਕਹਿ ਦਿੱਤਾ ....

ਪੜਿ ਪੁਸਤਕ ਸੰਧਿਆ ਬਾਦੰ ।
ਸਿਲ ਪੂਜਸਿ ਬਗੁਲ ਸਮਾਧੰ ।
ਮੁਖਿ ਝੂਠ ਬਿਭੂਖਣ ਸਾਰੰ ।
ਤ੍ਰੈਪਾਲ ਤਿਹਾਲ ਬਿਚਾਰੰ ।
ਗਲਿ ਮਾਲਾ ਤਿਲਕੁ ਲਿਲਾਟੰ ।
ਦੁਇ ਧੋਤੀ ਬਸਤ੍ਰ ਕਪਾਟੰ ।
ਜੇ ਜਾਣਸਿ ਬ੍ਰਹਮੰ ਕਰਮੰ ।
ਸਭਿ ਫੋਕਟ ਨਿਸਚਉ ਕਰਮੰ ।

ਪੁਰਾਨ ਤੇ ਕੁਰਾਨ ਆਦਿਕ ਧਾਰਮਕ ਪੁਸਤਕਾਂ ਦੇ ਪਾਠ ਕੇਵਲ ਫੋਕਟ ਤੇ ਨਿਸਫਲ ਕਰਮ ਹਨ । ਅਜਿਹੇ ਕਰਮ-ਕਾਂਡ ਅੰਤ ਸਮੇਂ ਸਹਾਈ ਨਹੀਂ ਹੁੰਦੇ। ਇਹ ਮੌਤ ਤੋਂ ਬਚਾ ਨਹੀਂ ਸਕਦੇ । ਗੁਰੂ ਗੋਬਿੰਦ ਸਿੰਘ ਜੀ ਫੁਰਮਾਉਂਦੇ ਹਨ ਕਿ ਧਾਰਮਿਕ ਗ੍ਰੰਥਾਂ ਦੇ ਪੜ੍ਹਨ ਨਾਲ ਮਨੁੱਖ ਮੌਤ (ਕਾਲ) ਤੋਂ ਨਹੀਂ ਬਚ ਸਕਦਾ। ਜੋ ਮਨੁੱਖ ਇਹ ਸਮਝਦੇ ਹਨ ਕਿ ਕੁਰਾਨ ਜਾਂ ਪੁਰਾਨ ਦੇ ਪਾਠ ਕਰਨ ਨਾਲ ਮੁਕਤੀ ਪ੍ਰਾਪਤ ਹੋ ਸਕਦੀ ਹੈ ਉਹ ਭੁਲੇਖੇ ਵਿਚ ਹਨ ਕਿਉਂਕਿ ਇਹ ਕਰਮ-ਕਾਂਡ ਇਕ ਫੋਕਟ ਧਾਰਮਕ ਕਿਰਿਆ ਹੈ ।

ਕੋਈ ਪੜਤਿ ਕੁਰਾਨ ਕੋ, ਕੋਈ ਪੜਤਿ ਪੁਰਾਨ ।
ਕਾਲ ਨ ਸਕਤ ਬਚਾਇ ਕੈ, ਫੋਕਟ ਧਰਮ ਨਿਦਾਨ ।
(ਬਚਿੱਤ੍ਰ ਨਾਟਕ, ਪੰਨਾ 74)

ਜਿੰਨ੍ਹਾਂ ਲੋਕਾਂ ਨੇ ਵੈਦਾਂ ਤੇ ਪੁਰਾਣਾਂ ਦਾ ਰਸਤਾ ਤਿਆਗ ਕੇ ਸਿੱਧਾ ਪ੍ਰਮਾਤਮਾ ਦੇ ਚਰਨਾਂ ਵਿਚ ਧਿਆਨ ਲਗਾਇਆ ਉਨ੍ਹਾਂ ਨੂੰ ਮੁਕਤੀ ਮਿਲ ਗਈ, ਅਰਥਾਤ ਧਰਮ ਗ੍ਰੰਥ "ਜੀਵਨ ਰਾਹ" ਦਸਦੇ ਹਨ ਪਰ ਮੁਕਤੀ ਪ੍ਰਭੂ ਦੇ ਚਰਨਾਂ ਵਿਚ ਲਿਵ ਲਾ ਕੇ ਹੀ ਮਿਲ ਸਕਦੀ ਹੈ ।

ਜਿਨ ਮਤਿ ਬੇਦ ਕਤੇਬਨ ਤਿਆਗੀ ।
ਪਾਰਬ੍ਰਹਮ ਕੇ ਭੇ ਅਨੁਰਾਗੀ ।
(ਬਚਿੱਤ੍ਰ ਨਾਟਕ, ਪੰਨਾ 72)

ਸਪੱਸ਼ਟ ਹੈ ਕਿ ਧਰਮ ਗ੍ਰੰਥਾਂ ਦੇ ਪਾਠ ਆਦਿ ਕਰਨੇ ਕਰਾਉਣੇ ਕਰਮ-ਕਾਂਡ ਵਿਚ ਫਸਣਾ ਹੈ। ਇਹ ਕਾਰਜ ਗੁਰੂ ਸਾਹਿਬਾਨ ਦੀ ਸਿਖਿਆ ਦੇ ਅਨਕੂਲ ਨਹੀਂ। ਪ੍ਰੰਤੂ ਲਗਭਗ ਸਾਰੇ ਸਿੱਖ ਧਰਮ ਦੇ ਅਨੁਆਈ ਅਜਿਹੇ ਪਾਠ ਨਿਤ ਕਰਦੇ ਕਰਾਉਂਦੇ ਹਨ । ਕਈ ਤਾਂ ਸਾਰਾ ਪਾਠ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕੁਝ ਭਾਗ ਤੋਤੇ ਵਾਂਗ ਮੂੰਹ ਜ਼ਬਾਨੀ ਹੀ ਪੜ੍ਹਦੇ ਰਹਿੰਦੇ ਹਨ। ਉਨ੍ਹਾਂ ਨੂੰ ਅਰਥਾਂ ਜਾਂ ਭਾਵਾਂ ਦਾ ਕੋਈ ਗਿਆਨ ਨਹੀਂ ਹੁੰਦਾ। ਇਹ ਵੀ ਕਰਮ-ਕਾਂਡੀ ਕਿਰਿਆ ਹੈ, ਜੋ ਸਿੱਖ ਧਰਮ ਦੇ ਸਿਧਾਂਤ ਦੇ ਉਲਟ ਹੈ ।

ਧਰਮ ਗ੍ਰੰਥ ਪੜ੍ਹਕੇ ਜੀਵਨ ਜਾਚ ਸਿਖ ਸਕਦੇ ਹਾਂ ਪਰ ਨਿਰੇ ਪੜ੍ਹਨ ਵਿਚ ਮੋਕਸ਼ ਨਹੀਂ ਹੈ ।

ਮਾਇਆ ਦੇ ਕੇ ਭਾਈਆਂ, ਪਾਠੀਆਂ, ਗ੍ਰੰਥੀਆਂ ਤੋਂ ਅਖੰਡ ਪਾਠ ਕਰਵਾਉਣੇ ਕਰਮ-ਕਾਂਡ ਹੈ। ਗੁਰੂ ਮਹਾਰਾਜ ਜੀ ਨੇ ਹਿੰਦੂਆਂ ਤੇ ਮੁਸਲਮਾਨਾਂ ਦੇ ਉਸ ਸਮੇਂ ਵਿਚ ਪ੍ਰਚਲਤ ਕਰਮ-ਕਾਂਡਾਂ ਦਾ ਖੰਡਨ ਇਸ ਲਈ ਨਹੀਂ ਸੀ ਕੀਤਾ ਕਿ ਉਨ੍ਹਾਂ ਵਿਚ ਕੋਈ ਕਮੀਆਂ ਸਨ ਅਤੇ ਉਨ੍ਹਾਂ ਦੀ ਥਾਵੇਂ ਆਪਣੇ ਨਵੇਂ ਤੇ ਵੱਖਰੇ ਕਰਮ-ਕਾਂਡ ਨੀਯਤ ਕਰਨ ਦੀ ਲੋੜ ਸੀ ?

ਗੁਰੂ ਘਰ ਵਿਚ ਕਿਸੇ ਕਰਮ-ਕਾਂਡ ਦੀ ਪ੍ਰਵਾਨਗੀ ਨਹੀਂ ਭਾਵੇਂ ਉਹ ਹਿੰਦੂਆਂ ਦਾ ਹੋਵੇ, ਮੁਸਲਮਾਨਾਂ ਦਾ ਜਾਂ ਈਸਾਈ ਮਤ ਦਾ ਅਤੇ ਭਾਵੇਂ ਉਹ ਖਾਲਸਾ ਪੰਥ ਦਾ ਹੀ ਕਿਉਂ ਨਾ ਹੋਵੇ ।

ਪੈਸੇ ਦੇ ਕੇ ਰੁਜ਼ਗਾਰੀ ਭਾਈਆਂ ਪਾਸੋਂ ਪਾਠ ਕਰਵਾਉਣਾ ਹੋਰ ਸਾਧਾਰਣ ਕਰਮ ਕਾਂਡਾਂ ਦੀ ਤਰ੍ਹਾਂ ਇਕ ਰਸਮ ਪੂਰੀ ਕਰਨ ਵਾਂਗ ਹੈ ।

ਕਿਸੇ ਦੀ ਮ੍ਰਿਤੂ ਤੋਂ ਪਿਛੋਂ ਉਸ ਦੀ ਆਤਮਾ ਦੀ ਸ਼ਾਂਤੀ ਲਈ ਆਮ ਪਾਠ ਰਖਵਾਏ ਜਾਂਦੇ ਅਤੇ ਭੋਗ ਪੈਂਦੇ ਹਨ। ਇਹ ਇਕ ਫੋਕਟ ਰੀਤ ਹੈ ਜਿਸ ਦਾ ਮ੍ਰਿਤਕ ਦੀ ਆਤਮਾ ਨੂੰ ਕੋਈ ਲਾਭ ਨਹੀਂ ਹੋ ਸਕਦਾ ।

ਆਪਣੇ ਮਨ ਦੀ ਸ਼ਾਂਤੀ ਲਈ ਭਾਈਆਂ ਪਾਠੀਆਂ ਪਾਸੋਂ ਜਿੰਨੇ ਚਾਹੋ ਅਖੰਡ ਪਾਠ ਅਰਦਾਸ ਕਰਵਾ ਵੇਖੋ । ਜੇ ਜੀਵਦਿਆਂ ਮਨ ਨੂੰ ਸ਼ਾਂਤੀ ਨਹੀਂ ਆਉਂਦੀ ਤਾਂ ਮੋਇਆਂ ਤੋਂ ਕੌਣ ਪੁੱਛ ਆਇਆ ਹੈ ।

ਮਨੁੱਖੀ ਸੁਭਾਅ ਦੀ ਕਮਜ਼ੋਰੀ ਹੈ ਕਿ ਉਚੇ ਤੋਂ ਉਚੇ ਵਿਚਾਰਾਂ ਤੇ ਆਦਰਸ਼ਾਂ ਨੂੰ ਅਪਣਾਉਂਦਿਆਂ, ਆਪ ਉਨ੍ਹਾਂ ਦੀ ਹੱਦ ਤੱਕ ਮਨੁੱਖ ਉਚਾ ਨਹੀਂ ਹੁੰਦਾ ਸਗੋਂ ਉਨ੍ਹਾਂ ਸਿਧਾਂਤਾਂ ਨੂੰ ਆਪਣੀ ਪੱਧਰ ਉਤੇ ਲਿਆ ਕੇ ਉਨ੍ਹਾਂ ਦਾ ਰੂਪ-ਰੰਗ ਵਿਗਾੜ ਦੇਂਦਾ ਹੈ ।

ਇਹ ਕਹਿਣਾ ਅਤਿ ਕਥਨੀ ਨਹੀਂ ਹੋਵੇਗਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠਾਂ ਤੇ ਵਿਸ਼ੇਸ਼ ਕਰਕੇ ਅਖੰਡ ਪਾਠਾਂ ਨਾਲ ਭੀ ਬਹੁਤੇ ਸਿੱਖਾਂ-ਖਾਸ ਕਰਕੇ ਸਰਦੇ ਪੁਜਦੇ ਸਿਖਾਂ ਨੇ ਏਹੋ ਵਰਤਾਵ ਕੀਤਾ ਹੈ ਅਤੇ ਕਈ ਲੋਕਾਂ ਨੇ ਪ੍ਰੇਮੀਆਂ ਦੇ ਇਸ ਭੋਲੇਪਣ ਦਾ ਰੱਜ ਕੇ ਲਾਭ ਉਠਾਇਆ ਹੈ ।

ਹੈਰਾਨੀ ਹੈ ਕਿ ਕੋਈ ਰੋਕਦਾ ਨਹੀਂ, ਕੋਈ ਦਸਦਾ ਨਹੀਂ, ਕੋਈ ਟਲਦਾ ਨਹੀਂ, ਸਗੋਂ ਹੁਣ ਤਾਂ ਅਖੰਡ ਪਾਠਾਂ ਤੋਂ ਭੀ ਅਗੇ ਚੱਲ ਕੇ "ਸੰਪਟ ਪਾਠ" ਆਰੰਭ ਹੋ ਗਏ ਹਨ ।

ਅਖੰਡ ਪਾਠ ਕਿਉਂ ਤੇ ਕਦੋਂ ਆਰੰਭ ਹੋਏ ? ਇਸ ਦਾ ਉਤਰ ਕਈ ਸਿਖ ਵਿਦਵਾਨਾਂ ਨੂੰ ਪੁਛਣ ਤੋਂ ਨਹੀਂ ਮਿਲਿਆ, ਨਾ ਗੁਰੂ ਸਾਹਿਬਾਂ ਦੇ ਸਮੇਂ ਦਾ ਇਤਿਹਾਸ ਕੋਈ ਅਜੇਹੀ ਸੇਧ ਦੇਂਦਾ ਹੈ, ਨਾ ਬਾਣੀ ਵਿਚ ਕਿਤੇ ਹੁਕਮ ਹੈ।

ਇਹ ਗੱਲ ਮੈਂ ਅੱਜ ਦਿਨ ਤਕ ਨਹੀਂ ਸਮਝ ਸਕਿਆ ਕਿ ਅੱਜ ਕੱਲ ਜੋ ਕੁਝ ਸਿੱਖਾਂ ਦੇ ਅਮਲ ਹਨ ਉਹ ਸਿੱਖ ਧਰਮ ਦੇ ਉਲਟ ਕਿਉਂ ਹਨ ਜਿਹੜਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਸਾਇਆ ਗਿਆ ਹੈ ।

ਹਵਾਲੇ :—
ਵਲੋਂ : ਪ੍ਰਿੰ: ਸ. ਸ. ਅਮੋਲ, ਸੰਤੋਖ ਸਿੰਘ ਜੀ, ਪ੍ਰੋ: ਸਾਹਿਬ ਸਿੰਘ ਜੀ, ਭਗਵੰਤ ਸਿੰਘ ਸਿੱਧੂ ਐਡਵੋਕੇਟ ਜਨਰਲ ਪੰਜਾਬ ।

ਪਤਾ ਨਹੀਂ

ਪਤਾ ਨਹੀਂ
ਇਹ ਹਵਾ ਦਾ ਦੋਸ਼ ਹੈ
ਜਾਂ ਮੌਸਮ ਦਾ ਕਹਿਰ,
ਲਹੂ ਨਾਲ ਹੈ ਲੱਥ-ਪੱਥ
ਮੇਰੇ ਪੰਜਾਬ ਦਾ ਹਰ ਸ਼ਹਿਰ ।

ਪਤਾ ਨਹੀਂ
ਕਿਹੋ ਜਹੀ ਹਨੇਰੀ ਚੱਲੀ
ਕਿ ਗੁਲਸ਼ਨ ਦਾ ਹਰ ਇੱਕ ਹੀ
ਬੂਟਾ ਛਾਂਗਿਆ ਗਿਆ ।
ਦਸੋ ਤਾਂ ਹੁਣ ਬੁਲਬੁਲ
ਕਿਹੜੀ ਟਾਹਣੀ ਤੇ ਬਹਿ ਲੰਘਾਵੇ
ਜਲਦੀ ਉਮਰ ਦੇ ਪਹਿਰ ?
ਗਲੀਆਂ 'ਚ ਭਟਕਦੇ ਯਤੀਮ ਪਰਿੰਦੇ
ਦਸੋ ਤਾਂ ਕਿਵੇਂ ਲੰਘਾਉਣ
ਸਿਰ ਤੇ ਬਲਦੀ ਸਿਖਰ ਦੁਪਹਿਰ ?

ਪਤਾ ਨਹੀਂ
ਕਿਹੀ ਅੱਗ ਫੈਲੀ
ਕਿ ਸੂਹੇ ਫੁੱਲ ਅੰਗਿਆਰ ਬਣ ਗਏ ।
ਅੰਗਿਆਰਾਂ ਤੋਂ ਮੱਚੇ ਭਾਂਬੜਾਂ ਵਿਚ
ਅਨੇਕਾਂ ਵਜੂਦ ਝੁਲਸੇ ਗਏ
ਪਰ ਪੱਥਰ ਪਿਘਲਣ ਦੀ ਬਜਾਏ
ਫੌਲਾਦ ਦੀ ਤਰ੍ਹਾਂ ਹੋਰ ਤਣ ਗਏ ।
ਪਤਾ ਨਹੀਂ ....

ਪਤਾ ਨਹੀਂ
ਇਹ ਕਿੱਦਾਂ ਦਾ ਵਕਤ ਹੈ
ਕਿ ਰਾਤ ਨਾਲੋਂ ਵੀ
ਕਿਤੇ ਕਾਲੀ ਹੈ ਦੁਪਹਿਰ ।
ਪਤਾ ਨਹੀਂ
ਹਰ ਮੰਜ਼ਿਲ ਦੇ ਰਾਹ ਵਿਚ
ਕਿਸਨੇ ਕੰਡੇ ਬੀਜੇ ਨੇ;



ਪਤਾ ਨਹੀਂ
ਕਿਸਨੇ ਘੋਲੀ ਹੈ
ਵਗਦੇ ਪਾਣੀਆਂ 'ਚ ਜ਼ਹਿਰ ।

ਪਤਾ ਨਹੀਂ
ਇਹ ਹਵਾ ਦਾ ਦੋਸ਼ ਹੈ
ਜਾਂ ਮੌਸਮ ਦਾ ਕਹਿਰ,
ਲਹੂ ਨਾਲ ਹੈ ਲੱਥ-ਪੱਥ
ਮੇਰੇ ਪੰਜਾਬ ਦਾ ਹਰ ਸ਼ਹਿਰ ।
ਪਤਾ ਨਹੀਂ ....

ਰਾਜ ਕੁਮਾਰ — ਆਪਣੀ ਹੀ ਕਿਸਮ ਦਾ ਅਦਾਕਾਰ

ਜਦੋਂ ਦਾ ਸੁਭਾਸ਼ ਘਈ ਨੇ ਆਪਣੀ ਨਵੀਂ ਫਿਲਮ ਵਿਚ ਦਲੀਪ ਕੁਮਾਰ ਦੇ ਨਾਲ ਰਾਜ ਕੁਮਾਰ ਨੂੰ ਸਾਈਨ ਕੀਤਾ ਹੈ, ਉਦੋਂ ਤੋਂ ਫੇਰ ਇਕ ਵਾਰ ਰਾਜ ਕੁਮਾਰ ਦਾ ਜ਼ਿਕਰ ਇੰਡਸਟਰੀ ਵਿਚ ਜ਼ੋਰ ਫੜ ਗਿਆ ਹੈ। ਇਸ ਦੇ ਦੋ ਤਿੰਨ ਵੱਡੇ ਕਾਰਨ ਹਨ। ਇਕ ਤਾਂ ਇਹ ਕਿ ਸਮੁੱਚੇ ਭਾਰਤੀ ਫਿਲਮ ਜਗਤ 'ਚ ਵੱਡੇ ਪੰਜ ਡਾਇਰੈਕਟਰਾਂ 'ਚ ਸੁਭਾਸ਼ ਘਈ ਦਾ ਸਥਾਨ ਬਣ ਗਿਆ ਹੈ, ਉਸ ਦਾ ਚੁੱਕਿਆ ਹਰ ਕਦਮ ਸਾਰਿਆਂ ਦਾ ਧਿਆਨ ਖਿਚਦਾ ਹੈ। ਜਿਵੇਂ 'ਦੇਵਾ' ਫਿਲਮ ਦੇ ਐਲਾਨਨਾਮੇ ਨਾਲ ਹਰ ਕੋਈ ਗੱਲ ਕਰ ਰਿਹਾ ਸੀ ਕਿ ਸੁਭਾਸ਼ ਘਈ ਤੇ ਅਮਿਤਾਭ ਬਚਨ ਦੋ ਮਹਾਨ ਹਸਤੀਆਂ ਇਕੱਠੀਆਂ ਹੋਈਆਂ ਹਨ। ਫੇਰ 'ਦੇਵਾ' ਦਾ ਪ੍ਰਾਜੈਕਟ ਠੱਪ ਹੋਇਆ ਤਾਂ ਵੀ ਇਹ ਖਬਰ ਜੰਗਲ ਦੀ ਅੱਗ ਵਾਂਗ ਫੈਲ ਗਈ ਕਿ 20-22 ਲੱਖ ਰੁਪਏ ਮਹੂਰਤ ਉਪਰ ਖਰਚ ਕਰਨ ਉਪਰੰਤ ਘਈ ਤੇ ਅਮਿਤਾਭ ਦੀ ਈਗੋ ਭਿੜਨ ਕਰ ਕੇ ਫਿਲਮ ਰੁਕ ਗਈ।

'ਅਮਿਤਾਭ' ਤੋਂ ਬਿਨਾਂ ਵੀ ਮੇਰਾ ਸੌਖੀ ਤਰ੍ਹਾਂ ਸਰ ਸਕਦਾ ਹੈ। ਇਹ ਸਿੱਧ ਕਰਨ ਲਈ ਸੁਭਾਸ਼ ਘਈ ਨੇ ਇੰਡਸਟਰੀ ਦੇ ਦੋ ਵੱਡੇ ਐਕਟਰਾਂ ਦਲੀਪ ਕੁਮਾਰ ਅਤੇ ਰਾਜ ਕੁਮਾਰ ਨੂੰ ਲੈ ਕੇ ਨਵੀਂ ਫਿਲਮ ਆਰੰਭ ਕੀਤੀ ਹੈ।

ਰਾਜ ਕੁਮਾਰ ਮੁੱਢ ਤੋਂ ਹੀ ਆਪਣੀ ਸੁਪਰ ਈਗੋ ਕਾਰਨ ਇਕੋ ਸਮੇਂ ਮਸ਼ਹੂਰ ਤੇ ਬਦਨਾਮ ਹੈ। ਬਹੁਤੇ ਪ੍ਰੋਡਿਊਸਰ ਤੇ ਡਾਇਰੈਕਟਰ ਉਸ ਨੂੰ ਇਸੇ ਕਰ ਕੇ ਹੀ ਫਿਲਮਾਂ 'ਚ ਨਹੀਂ ਲੈਂਦੇ ਕਿ ਉਹ ਮੂਡੀ ਬਹੁਤ ਜ਼ਿਆਦਾ ਹੈ। ਆਪਣੇ ਰੋਲ 'ਚ ਸਕਰਿਪਟ 'ਚ ਲੋੜੋਂ ਵੱਧ ਦਖਲ ਦਿੰਦਾ ਹੈ। ਦੇਖਣ ਵਾਲੀ ਗੱਲ ਹੁਣ ਇਹ ਹੈ ਕਿ ਸੁਭਾਸ਼ ਘਈ ਤੇ ਅਮਿਤਾਭ ਬਚਨ ਦੀ ਇਸੇ ਗੱਲੋਂ ਵਿਗੜੀ ਕਿ ਘਈ ਅਮਿਤਾਭ ਨੂੰ ਆਪਣੇ ਅਨੁਸਾਰ ਚਲਾਉਣਾ ਚਾਹੁੰਦਾ ਸੀ ਤੇ ਅਮਿਤਾਭ ਆਪਣੇ ਢੰਗ ਨਾਲ ਘਈ ਨੂੰ ਤੋਰਨਾ ਲੋਚਦਾ ਸੀ। 'ਕਰਮਾ' ਵੇਲੇ ਵੀ ਸੁਣਿਆ ਕਰਦੇ ਸਾਂ ਕਿ ਸੁਭਾਸ਼ ਘਈ ਨੇ ਦਲੀਪ ਕੁਮਾਰ ਤੋਂ ਜਿਸ ਤਰ੍ਹਾਂ ਚਾਹਿਆ ਰੋਲ ਕਰਵਾਇਆ। ਪਰ ਰਾਜ ਕੁਮਾਰ ਦਾ ਇਤਿਹਾਸ ਦਸਦਾ ਹੈ ਕਿ ਜਿਹੜੇ ਵੀ ਡਾਇਰੈਕਟਰਾਂ ਨੇ ਉਹਦੀ ਈਗੋ ਨੂੰ ਪੱਠੇ ਨਹੀਂ ਸਨ ਪਾਏ ਤੇ ਆਪਣੇ ਅਨੁਸਾਰ ਢਾਲਣਾ ਚਾਹਿਆ ਸੀ, ਉਨ੍ਹਾਂ ਦੀਆਂ ਫਿਲਮਾਂ ਜਾਂ ਤਾਂ ਅਧੂਰੀਆਂ ਰਹਿ ਗਈਆਂ ਜਾਂ ਫਿਰ ਸਾਲਾਂ ਬੱਧੀ ਅਟਕੀਆਂ ਰਹੀਆਂ ਤੇ ਜਾਂ ਫਿਰ ਬੇਸੁਆਦੀਆਂ ਜਿਹੀਆਂ ਮੁਕੰਮਲ ਹੋ ਕੇ ਬਾਹਰ ਆਈਆਂ। ਈਗੋ ਦੇ ਮਾਮਲੇ 'ਚ ਰਾਜ ਕੁਮਾਰ ਅਮਿਤਾਭ ਬਚਨ ਨਾਲੋਂ ਦੋ ਤੋਲੇ ਵੱਧ ਹੀ ਹੈ, ਘੱਟ ਨਹੀਂ। ਸੁਭਾਸ਼ ਘਈ ਨਾਲ ਉਸਦੀ ਕਿਵੇਂ ਨਿਭਦੀ ਹੈ, ਸਮਾਂ ਹੀ ਦੱਸੇਗਾ।

ਹਾਲ ਦੀ ਘੜੀ ਰਾਜ ਕੁਮਾਰ ਦੇ ਫਿਲਮੀ ਜੀਵਨ (ਖੱਟੇ ਤੇ ਮਿੱਠੇ) ਉਪਰ ਝਾਤ ਮਾਰ ਲੈਣੀ ਚਾਹੀਦੀ ਹੈ।

ਰਾਜ ਕੁਮਾਰ ਬਾਰੇ ਇਹ ਧਾਰਨਾ ਬਣ ਚੁਕੀ ਹੈ ਕਿ ਉਹ ਆਪਣੇ ਤੋਂ ਬਿਨਾਂ ਕਿਸੇ ਹੋਰ ਨੂੰ ਐਕਟਰ ਹੀ ਨਹੀਂ ਮੰਨਦਾ। ਜਦੋਂ 'ਵੈਰਾਗ' ਫਿਲਮ ਰਿਲੀਜ਼ ਹੋਈ ਸੀ ਤਾਂ ਰਾਜ ਕੁਮਾਰ ਨੇ ਦਲੀਪ ਕੁਮਾਰ ਨੂੰ ਫੋਨ ਕਰਕੇ ਇਸ ਫਿਲਮ ਦੀ ਸ਼ਲਾਘਾ ਇਸ ਪ੍ਰਕਾਰ ਕੀਤੀ, "ਮੈਂ ਤੇਰੀ ਫਿਲਮ 'ਵੈਰਾਗ' ਦੇਖੀ ਹੈ ਤੇ ਮਹਿਸੂਸ ਕੀਤਾ ਹੈ ਕਿ ਇੰਡਸਟਰੀ 'ਚ ਰਾਜ ਕੁਮਾਰ ਤੋਂ ਬਿਨਾਂ ਇਕ ਹੋਰ ਐਕਟਰ ਵੀ ਹੈ ਜਿਸ ਨੂੰ ਸਚਮੁਚ ਐਕਟਰ ਮੰਨਿਆ ਜਾ ਸਕਦਾ ਹੈ।" 'ਕਾਜਲ' ਫਿਲਮ ਦੇ ਪ੍ਰੀਮੀਅਰ 'ਤੇ ਰਾਜ ਕੁਮਾਰ ਨੇ ਆਪਣੇ ਵਾਕਫਾਂ ਨਾਲ ਧਰਮਿੰਦਰ ਦੀ ਵਾਕਫੀਅਤ ਕਰਾਉਂਦਿਆਂ ਕਿਹਾ ਸੀ, "ਇਸ ਲੜਕੇ ਨੇ ਵੀ ਕਾਜਲ 'ਚ ਰੋਲ ਕੀਤਾ ਹੈ।" ਅਮਿਤਾਭ ਬਚਨ ਬਾਰੇ ਰਾਜ ਕੁਮਾਰ ਨੇ ਆਖਿਆ ਸੀ, "ਮੈਂ ਇਸ ਨਾਂ ਦੇ ਐਕਟਰ ਉਕਟਰ ਨੂੰ ਬਿਲਕੁਲ ਨਹੀਂ ਜਾਣਦਾ, ਨਾ ਹੀ ਉਹਦੀ ਕੋਈ ਫਿਲਮ ਦੇਖੀ ਹੈ, ਹਾਂ ਲੋਕ ਕਹਿੰਦੇ ਨੇ ਕਿ ਅਮਿਤਾਭ ਨਾਂ ਦਾ ਕੋਈ ਲੜਕਾ ਇਕ ਅੱਛਾ ਐਕਟਰ ਹੈ।

ਪ੍ਰਕਾਸ਼ ਮਹਿਰਾ ਦੀ 'ਜੰਜ਼ੀਰ' 'ਚ ਹੀਰੋ ਦੇ ਰੋਲ ਦੀ ਪਹਿਲਾਂ ਪੇਸ਼ਕਸ਼ ਰਾਜ ਕੁਮਾਰ ਨੂੰ ਹੋਈ ਸੀ। ਉਸ ਨੇ ਪੇਸ਼ਕਸ਼ ਠੁਕਰਾ ਦਿੱਤੀ ਸੀ ਤੇ ਪਤਾ ਕੀ ਆਖਿਆ ਸੀ, 'ਪ੍ਰਕਾਸ਼ ਪਿਆਰੇ ਰੋਲ ਤਾਂ ਪਾਵਰਫੁਲ ਹੈ ਪਰ ਤੇਰੇ ਪਟਿਆਂ 'ਚ ਲਾਇਆ ਤੇਲ ਮੈਨੂੰ ਮਹਿਮ ਪੱਖੋਂ ਪਸੰਦ ਨਹੀਂ ਹੈ, ਜੇ ਮੈਂ ਇਹ ਫਿਲਮ ਕਰਨੀ ਮੰਨ ਲਈ ਤਾਂ ਘਟੋ ਘਟ ਛੇ ਮਹੀਨੇ ਮੈਨੂੰ ਇਸ ਤੇਲ ਦੀ ਮਹਿਕ ਹੰਢਾਉਣੀ ਪਵੇਗੀ। ਇਸ ਲਈ ਮੈਂ ਫਿਲਮ ਨਹੀਂ ਕਰਾਂਗਾ।" ਬਾਅਦ ਵਿਚ ਇਹੋ ਰੋਲ ਅਮਿਤਾਭ ਬਚਨ ਨੂੰ ਦਿੱਤਾ ਗਿਆ ਤੇ ਉਹ 'ਸਟਾਰ' ਬਣ ਗਿਆ। ਰਾਜ ਕੁਮਾਰ ਦਾ ਆਪਣੇ ਆਪ ਬਾਰੇ ਦਾਅਵਾ ਹੈ ਕਿ ਭਾਰਤੀ ਫਿਲਮਾਂ 'ਚ ਸਭ ਤੋਂ ਪਹਿਲਾਂ ਐਂਟੀ ਹੀਰੋ ਵਾਲਾ ਕਿਰਦਾਰ 'ਵਾਸਨਾ' ਫਿਲਮ 'ਚ ਉਸ ਨੇ ਨਿਭਾਇਆ ਜੋ ਕਿ ਬਾਅਦ ਵਿਚ ਅਮਿਤਾਭ ਦੀ ਖਾਸ ਪਛਾਣ ਬਣ ਗਿਆ। 'ਉਲਫਤ' ਦੀ ਆਊਟ ਡੋਰ ਸ਼ੂਟਿੰਗ ਲਈ ਰਾਜ ਕੁਮਾਰ 'ਈਗੋ' ਕਾਰਨ ਸ੍ਰੀਨਗਰ ਨਹੀਂ ਸੀ ਪੁੱਜਾ ਤੇ ਆਪਣਾ ਪਜਾਮਾ ਭੇਜ ਦਿੱਤਾ ਸੀ। ਡਾਇਰੈਕਟਰ ਬ੍ਰਿਜ 'ਏਕ ਸੇ ਬੜ੍ਹ ਕਰ ਏਕ' ਬਨਾਉਣ ਦੇ ਦਿਨਾਂ 'ਚ ਰਾਜ ਕੁਮਾਰ ਨੂੰ 'ਸਹੀ' ਰੱਖਣ ਲਈ ਆਪਣੇ ਨਾਲ ਸਦਾ ਰਿਵਾਲਵਰ ਰਖਦਾ ਹੁੰਦਾ ਸੀ। ਅਭਿਨੇਤਰੀ ਸਾਧਨਾ ਨੇ ਇਕ ਫਿਲਮ 'ਚ ਰਾਜ ਕੁਮਾਰ ਨਾਲ ਹੋਈ ਗਰਮਾ ਗਰਮੀ ਕਾਰਨ ਉਸ ਨਾਲ ਸਦਾ ਸਦਾ ਲਈ ਬੋਲਣਾ ਬੰਦ ਕਰ ਦਿੱਤਾ ਸੀ। ਧਰਮਿੰਦਰ ਨੇ ਰਾਜ ਕੁਮਾਰ ਦੇ 'ਕਾਜਲ' ਦੇ ਪ੍ਰੀਮੀਅਰ ਵਾਲੇ ਬੋਲ ਸੁਣ ਕੇ ਗੁੱਸੇ 'ਚ ਆ ਕੇ ਉਸ ਦੇ ਵਾਲ ਤੋੜ ਦਿੱਤੇ ਸਨ।

ਰਾਜ ਕੁਮਾਰ ਜਦੋਂ ਇਕੱਲਾ (ਸੋਲੋ) ਅਭਿਨੇਤਾ ਬਣ ਕੇ ਸਕਰੀਨ 'ਤੇ ਆਇਆ ਤਾਂ ਬਹੁਤੀ ਵਾਰ (ਗੋਦਾਨ ਆਦਿ) ਫੇਲ੍ਹ ਸਿੱਧ ਹੋਇਆ। ਪਰ ਉਸ ਦੀ ਜਦੋਂ ਵੀ ਕਿਧਰੇ ਦੂਜੇ ਐਕਟਰ ਨਾਲ ਟੱਕਰ ਹੋਈ ਤਾਂ ਉਹ ਜਾਂਦਾ ਰਿਹਾ। ਇਸ ਸੰਬੰਧ 'ਚ 'ਦਿਲ ਏਕ ਮੰਦਰ', 'ਹਮਰਾਜ਼' ਤੇ 'ਪੈਗਾਮ' ਫਿਲਮਾਂ ਦੀ ਮਿਸਾਲ ਦਿੱਤੀ ਜਾ ਸਕਦੀ ਹੈ। ਉਹ ਇਨ੍ਹਾਂ ਫਿਲਮਾਂ 'ਚ ਕ੍ਰਮਵਾਰ ਰਾਜਿੰਦਰ ਕੁਮਾਰ, ਸੁਨੀਲ ਦੱਤ ਅਤੇ ਦਲੀਪ ਕੁਮਾਰ ਉਪਰ ਬੇਹੱਦ ਭਾਰੂ ਰਿਹਾ।

ਉਸ ਨੂੰ ਸੰਵਾਦ ਬੋਲਣ ਦਾ ਕਮਾਲ ਹਾਸਲ ਹੈ। ਆਵਾਜ਼ 'ਚ ਗਹਿਰਾਪਣ ਤੇ ਭਰਵਾਂਪਣ ਹੈ। ਉਸ ਦੀਆਂ ਫਿਲਮਾਂ ਦੇ ਡਾਇਆਲਾਗ ਲੋਕ ਸ਼ੇਅਰਾਂ ਵਾਂਗੂੰ ਜ਼ਬਾਨ ਯਾਦ ਕਰੀ ਫਿਰਦੇ ਹਨ।

ਕੁਝ ਅਰਸਾ ਰਾਜ ਕੁਮਾਰ ਨੇ ਪੁਲੀਸ ਦੀ ਨੌਕਰੀ ਕੀਤੀ। ਉਹਦੀਆਂ ਯਾਦਗਾਰੀ ਫਿਲਮਾਂ 'ਚ ਮਦਰ ਇੰਡੀਆ, ਵਕਤ, ਦਿਲ ਏਕ ਮੰਦਰ, ਪਾਕੀਜ਼ਾ, ਵਾਸਨਾ, ਦਿਲ ਆਪਣਾ ਪ੍ਰੀਤ ਪਰਾਈ, ਮੇਰੇ ਹਜ਼ੂਰ, ਕਾਜਲ, ਨਾਲ ਕਮਲ, ਹੀਰ ਰਾਂਝਾ, ਸ਼ਰਾਰਾ ਤੇ ਕਰਮਯੋਗੀ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ।



ਰਾਜ ਕੁਮਾਰ ਦਾ ਕਹਿਣਾ ਹੈ ਕਿ ਸਕਰੀਨ ਤੇ ਜ਼ਿੰਦਗੀ 'ਚ ਉਹ ਕੋਈ ਅੰਤਰ ਨਹੀਂ ਰੱਖਦਾ ਜਾਂ ਸਮਝਦਾ। ਉਹ ਸਕਰੀਨ ਉਪਰ ਜ਼ਿੰਦਗੀ ਜੀਅ ਰਿਹਾ ਹੁੰਦਾ ਹੈ ਤੇ ਜ਼ਿੰਦਗੀ ਵਿਚ ਸਕਰੀਨ ਵਾਲੇ ਅੰਦਾਜ਼ ਨਾਲ ਵਿਚਰਦਾ ਹੈ।

ਸਾਲ 88 ਦੀਆਂ ਪੰਜਾਬੀ ਫਿਲਮਾਂ

ਸਾਲ 88 ਵੀ ਪਿਛਲੇ ਕੁਝ ਸਾਲਾਂ ਵਾਂਗ ਪੰਜਾਬੀ ਫਿਲਮਾਂ ਲਈ ਗਿਣਾਤਮਕ ਅਤੇ ਗੁਣਾਤਮਕ ਦੋਹਾਂ ਪੱਖਾਂ ਤੋਂ ਲਿੱਸਾ ਰਿਹਾ। ਕੋਈ ਲੰਮਾ-ਚੌੜਾ ਲੇਖਾ ਕਰਨ ਵਾਲੀ ਗੱਲ ਨਹੀਂ। ਦੋ ਚਾਰ ਫਿਲਮਾਂ ਹੀ ਸਾਲ 88 ਵਿਚ ਰੀਲੀਜ਼ ਹੋਈਆਂ ਤੇ ਉਨ੍ਹਾਂ ਵਿਚੋਂ ਸਿਰਫ ਇਕ ਫਿਲਮ ਕਾਮਯਾਬ ਹੋਈ।



'ਜੱਗ ਵਾਲਾ ਮੇਲਾ' ਪੰਜਾਬੀ ਫਿਲਮ ਡਿਗਦੀ-ਢਹਿੰਦੀ ਕਈ ਪੜਾਵਾਂ 'ਚੋਂ ਲੰਘ ਕੇ ਮਸੀਂ ਕਿਤੇ ਜਾ ਕੇ ਪੂਰੀ ਹੋਈ ਸੀ ਪਰ ਤਕਨੀਕੀ ਪੱਖੋਂ ਹਰ ਲਿਹਾਜ਼ ਨਾਲ ਕਮਜ਼ੋਰ ਹੋਣ ਕਰ ਕੇ ਦਰਸ਼ਕਾਂ ਨੇ ਇਸ ਨੂੰ ਅਸਲੋਂ ਰੱਦ ਕਰ ਦਿੱਤਾ। ਛੇਤੀ ਹੀ ਇਹ ਫਿਲਮ ਆਈ-ਗਈ ਹੋ ਕੇ ਰਹਿ ਗਈ।

ਕਈਆਂ ਨੂੰ ਚੇਤਾ ਵੀ ਨਹੀਂ ਹੋਵੇਗਾ ਕਿ ਸਾਲ 88 ਵਿਚ "ਅੱਜ ਦੀ ਹੀਰ" ਨਾਂ ਵਾਲੀ ਇਕ ਪੰਜਾਬੀ ਫਿਲਮ ਰਿਲੀਜ਼ ਹੋਈ ਸੀ। ਇਸ ਦੇ ਬਾਰੇ ਇਹ ਫੈਸਲਾ ਕਰਨਾ ਔਖਾ ਸੀ ਕਿ ਡਾਇਰੈਕਸ਼ਨ, ਕਹਾਣੀ, ਪਟਕਥਾ, ਫੋਟੋਗਰਾਫੀ, ਗੀਤ-ਸੰਗੀਤ ਕਿਹੜੇ ਪੱਖ ਤੋਂ ਇਹ 'ਵੱਧ ਫਜ਼ੂਲ' ਸੀ। ਬਹੁਤੇ ਦਰਸ਼ਕਾਂ ਨੂੰ ਇਹ ਫਿਲਮ ਸ਼ੁਰੂ ਤੋਂ ਲੈ ਕੇ ਅੰਤ ਤਕ ਪੂਰੀ ਦੀ ਪੂਰੀ ਦੇਖਣੀ ਔਖੀ ਜਾਪਦੀ ਸੀ।

ਹਾਂ, ਸਾਲ 88 ਨੇ 'ਪਟੋਲਾ' ਨਾਂ ਦੀ ਇਕ ਨਰੋਈ ਕਮਰਸ਼ੀਅਲ ਫਿਲਮ ਵੀ ਦਿੱਤੀ। ਡਾਇਰੈਕਟਰ ਜਗਜੀਤ ਦੀ ਇਸ ਪੰਜਾਬੀ ਫਿਲਮ ਨੂੰ ਮਲਟੀ-ਸਟਾਰ ਆਖਿਆ ਜਾ ਸਕਦਾ ਹੈ ਕਿਉਂ ਜੋ ਇਸ ਵਿਚ ਦਿਲਜੀਤ ਕੌਰ, ਗੌਗੀ ਖੁਰਾਣਾ, ਸ਼ੋਭਨੀ ਸਿੰਘ, ਵਰਿੰਦਰ, ਸਤੀਸ਼ ਕੌਲ, ਮੁਹੰਮਦ ਸਦੀਕ, ਸੁਰਿੰਦਰ ਛਿੰਦਾ ਤੇ ਮੇਹਰ ਮਿੱਤਲ ਆਦਿ ਇਕ ਦਰਜਨ ਕਲਾਕਾਰ ਸਨ।

ਕੁਝ ਪੰਜਾਬੀ ਫਿਲਮਾਂ ਜਿਵੇਂ ਕਿ 'ਉਡੀਕਾਂ ਸਾਉਣ ਦੀਆਂ', ' ਧੀ ਰਾਣੀ', 'ਮੌਲਾ ਜੱਟ', 'ਸ਼ਰੀਕਾ' ਅਤੇ 'ਜੱਟ ਦਾ ਗੰਡਾਸਾ' ਆਦਿ ਦੇ ਸਾਲ 88 ਦੌਰਾਨ ਰਿਲੀਜ਼ ਹੋਣ ਦੀ ਉਮੀਦ ਸੀ (ਕਿਉਂਕਿ ਇਨ੍ਹਾਂ ਦੇ ਨਿਰਮਾਤਾ, ਨਿਰਦੇਸ਼ਕ ਦਾਅਵੇ ਕਰਦੇ ਆ ਰਹੇ ਸਨ ਕਿ ਸਾਡੀਆਂ ਫਿਲਮਾਂ ਮੁਕੰਮਲ ਹਨ) ਪਰ ਅਜਿਹਾ ਨਾ ਹੋ ਸਕਿਆ।

ਦੂਜੇ ਪਾਸੇ ਨਿਰਮਾਣ-ਅਧੀਨ, 'ਤੁਣਕਾ ਪਿਆਰ ਦਾ', 'ਮੇਰੇ ਯਾਰ ਦਾ ਡੋਲਾ' ਤੇ ਕੁਝ ਹੋਰ ਪੰਜਾਬੀ ਫਿਲਮਾਂ ਨੇ ਇਸ ਸਾਲ ਦੌਰਾਨ ਆਪਣੀ ਸ਼ੂਟਿੰਗ ਮੁਕੰਮਲ ਕਰ ਲਈ।

ਸਾਗਰ ਸਰਹੱਦੀ ਦੀ 'ਵਗਦੇ ਪਾਣੀ' ਪੰਜਾਬੀ ਫਿਲਮ ਚਿਰਾਂ ਤੋਂ ਉਡੀਕੀ ਜਾ ਰਹੀ ਹੈ ਪਰ ਇਸ ਦੀ ਕੋਈ ਉਘ ਸੁਘ ਨਹੀਂ ਮਿਲ ਰਹੀ ਕਿ ਕਿਸ ਪੜਾਅ 'ਤੇ ਅਟਕੀ ਹੋਈ ਹੈ। ਹਰਪਾਲ ਟਿਵਾਣਾ ਦੀ 'ਦੀਵਾ ਬਲੇ ਸਾਰੀ ਰਾਤ' ਨੂੰ ਵੀ ਹਲ ਦੀ ਘੜੀ ਰੁਕੀਆਂ ਫਿਲਮਾਂ 'ਚ ਗਿਣਿਆ ਜਾ ਰਿਹਾ ਹੈ।

ਜਿਹੜੀਆਂ ਪੰਜਾਬੀ ਫਿਲਮਾਂ ਦੀ ਸਾਲ 88 'ਚ ਆਊਟ ਡੋਰ ਸ਼ੂਟਿੰਗ ਹੋਈ ਉਨ੍ਹਾਂ ਵਿਚ 'ਜੱਟੀ ਜੰਮੇ ਸੂਰਮੇ', 'ਦੁਸ਼ਮਣੀ ਦੀ ਅੱਗ', 'ਜੱਟ ਸੂਰਮੇ', 'ਜੱਟ ਤੇ ਜ਼ਮੀਨ', ਅਤੇ 'ਸ਼ੇਰਾਂ ਦੇ ਪੁੱਤ ਸ਼ੇਰ' ਸ਼ਾਮਲ ਹਨ।



ਇੰਮੀਗਰੈਂਟਸ ਨੂੰ ਰੋਕਣ ਲਈ ਯੋਰਪ ਦੇ ਦੇਸ਼ ਸਾਂਝੀ ਸਾਜ਼ਸ਼ ਬਣਾ ਰਹੇ ਹਨ

ਲੰਡਨ — ਯੋਰਪ ਦੇ ਦੇਸ਼ਾਂ ਵਲੋਂ 1992 ਤੱਕ ਸਿੰਗਲ ਯੋਰਪੀਅਨ ਮਾਰਕੀਟ ਦੀ ਜੋ ਤਜਵੀਜ਼ ਅਮਲ ਵਿਚ ਲਿਆਂਦੀ ਜਾ ਰਹੀ ਹੈ ਉਸਦੇ ਸਿੱਟੇ ਵਜੋਂ ਏਸ਼ੀਅਨ ਤੇ ਦੂਸਰੇ ਦੇਸ਼ਾਂ ਤੋਂ ਆਉਣ ਵਾਲੇ ਇੰਮੀਗਰੈਂਟਸ ਦਾ ਇਹਨਾਂ ਯੋਰਪੀਅਨ ਦੇਸ਼ਾਂ ਵਿਚ ਆ ਕੇ ਸਿਆਸੀ ਪਨਾਹ ਲੈ ਸਕਣਾ ਤੇ ਟਿਕ ਸਕਣਾ ਰੋਕ ਦਿੱਤਾ ਜਾਏਗਾ। ਇਹ ਖਤਰਾ ਸ਼ਹਿਰੀ ਤੇ ਮਨੁਖੀ ਆਜ਼ਾਦੀਆਂ ਬਾਰੇ ਵੱਖ ਵੱਖ ਗਰੁਪਾਂ ਨੇ ਪ੍ਰਗਟ ਕੀਤਾ ਹੈ।

ਪਿਛਲੇ ਕੁਝ ਅਰਸੇ ਤੋਂ ਯੋਰਪੀਅਨ ਸਾਂਝੀ ਮੰਡੀ ਦੇ ਦੇਸ਼ਾਂ ਦੇ ਇਨਸਾਫ ਤੇ ਗ੍ਰਹਿ ਮੰਤਰੀਆਂ ਦੀਆਂ ਗੁਪਤ ਮੀਟਿੰਗਾਂ ਹੋ ਰਹੀਆਂ ਹਨ ਜੋ ਇੰਮੀਗਰੈਂਟਸ ਬਾਰੇ ਕੁਝ ਨਵੇਂ ਤੇ ਸਾਂਝੇ ਕਾਨੂੰਨ ਬਨਾਣ ਦੀਆਂ ਸਬੀਲਾਂ ਬਣਾ ਰਹੇ ਹਨ। ਸਭ ਤੋਂ ਵੱਧ ਦਬਾ ਗੈਰ ਯੋਰਪੀਅਨ ਦੇਸ਼ਾਂ ਤੋਂ ਆਉਣ ਵਾਲੇ ਲੋਕਾਂ ਉਤੇ ਪਏਗਾ। ਰਫਿਊਜ਼ੀਆਂ ਤੇ ਇਮੀਗਰੈਂਟਸ ਬਾਰੇ ਬਣੀ ਯੋਰਪੀਅਨ ਰਖਿਆ ਕਮੇਟੀ ਨੇ ਈ ਈ ਸੀ ਦੇ 13 ਦੇਸ਼ਾਂ ਦੇ 20 ਮਿਲੀਅਨ ਇਮੀਗਰੈਂਟਸ ਨੂੰ ਇਸ ਖਤਰੇ ਵਿਰੁਧ ਮੁਹਿੰਮ ਚਲਾਉਣ ਦਾ ਸੱਦਾ ਦਿੱਤਾ ਹੈ। ਦੱਸਿਆ ਗਿਆ ਹੈ ਕਿ ਰਾਜਸੀ ਸ਼ਰਨ ਲੈਣ ਦੇ ਇਛੁਕ ਲੋਕਾਂ ਦੀ ਸਭ ਤੋਂ ਵੱਡੀ ਗਿਣਤੀ ਪੱਛਮੀ ਜਰਮਨੀ ਵਿਚ ਹੈ ਜੋ ਵਧੇਰੇ ਕਰਕੇ ਪੂਰਬੀ ਯੋਰਪ ਦੇ ਦੇਸ਼ਾਂ, ਸ੍ਰੀ ਲੰਕਾ ਤੁਰਕੀ, ਇਰਾਨ, ਪਾਕਿਸਤਾਨ ਤੇ ਭਾਰਤ ਆਦਿ ਤੋਂ ਆਉਂਦੇ ਹਨ।

Popular Furniture Mfg. Ltd.

7935 - 128th Street, SURREY, B.C. **Ph. 596-1216**


ਵੈਨਕੂਵਰ ਵਿਚ
ਪਹਿਲੀ ਵਾਰ ਫਰਨੀਚਰ ਫੈਕਟਰੀ ਤੋਂ ਸਿਧਾ ਹੋਲਸੇਲ ਕੀਮਤਾਂ ਤੇ ਮਿਲਣ ਲੱਗਾ ਹੈ

ਸਿੱਧੇ ਫੈਕਟਰੀ 'ਤੇ ਪਹੁੰਚੋ

ਤੇ ਮਨਮਰਜ਼ੀ ਦਾ ਫਰਨੀਚਰ ਖ਼੍ਰੀਦੋ

ਰੰਗ-ਬਰੰਗੀਆਂ ਸੇਲਾਂ ਤੋਂ ਬਚੋ —


ਰੀਟੇਲ ਫਰਨੀਚਰ ਸਟੋਰਾਂ ਨੇ ਫੈਕਟਰੀ ਕੀਮਤਾਂ ਬੀਟ (Beat) ਤਾਂ ਕੀ ਕਰਨੀਆਂ ਹਨ — ਨੇੜੇ (Meet) ਵੀ ਨਹੀਂ ਪਹੁੰਚ ਸਕਦੇ ।



885 Pine



585 Pine



985 Pine



685 Pine

ਫਰਨੀਚਰ ਫੈਕਟਰੀ ਤੋਂ ਸਿੱਧਾ ਖ਼੍ਰੀਦਣ ਨਾਲ

ਬੱਚਤ ਹੀ ਬੱਚਤ

ਆਓ, ਆ ਕੇ ਦੇਖੋ ਤੇ ਕੀਮਤਾਂ ਅਜ਼ਮਾਓ

- ਕਸਟਮ ਮੇਡ ਫਰਨੀਚਰ
- ਕੁਆਲਿਟੀ ਦੀ ਗਰੰਟੀ
- ਲੱਕੜ (Wood) ਦਾ ਬਣਿਆ ਫਰਨੀਚਰ

ਫੈਕਟਰੀ ਸ਼ੋ-ਰੂਮ ਸੱਤੇ ਦਿਨ ਖੁਲ੍ਹਾ ਰਹਿੰਦਾ ਹੈ

Factory Hours: 12.00 PM to 5:00 PM